Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post
Vol 18 *Issue 218 Thursday, November 14, 2019 Tel: 905-793-2202 | Fax: 905-793-2282 | news@punjabipost.ca

TOP 4% TREB REALTOR 2018
Buy With $0 Down Program
Royal Canadian Realty Brokerage
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374
www.HardeepSivia.com

To view our online newspaper visit punjabipost.ca/epaper THE ONLY DAILY PUNJABI NEWS *ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*

# ਟਰੂਡੋ ਨਾਲ ਮੁਲਾਕਾਤ ਤੋਂ ਬਾਅਦ ਬਲਾਂਸ਼ੇ ਨੇ ਕੇਨੀ ਬਾਰੇ ਕੀਤੀਆਂ ਟਿੱਪਣੀਆਂ



ਓਟਵਾ, 13 ਨਵੰਬਰ (ਪੋਸਟ ਬਿਊਰੋ) : ਬਲਾਕ ਕਿਊਬਿਕੁਆ ਆਗੂ ਯਵੇਸ ਫਰਾਂਸਿਸ ਬਲਾਂਸ਼ੇ ਦਾ ਕਹਿਣਾ ਹੈ ਕਿ ਕੌਮੀ ਫੰਡਾਂ ਵਿੱਚੋਂ ਕਿਊਬਿਕ ਨੂੰ ਹਾਸਲ ਹੋਣ ਵਾਲੇ ਕਥਿਤ ਹਿੱਸੇ ਬਾਰੇ ਪੱਛਮੀ ਆਗੂਆਂ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਸੱਚ ਨਹੀਂ ਹਨ।

ਬੁੱਧਵਾਰ ਨੂੰ ਚੋਣਾਂ ਤੋਂ ਬਾਅਦ ਪਹਿਲੀ ਵਾਰੀ ਵੱਖਵਾਦੀ ਪਾਰਟੀ ਆਗੂ ਨੇ ਆਪਣੇ 32 ਮੈਂਬਰੀ ਕਾਕਸ ਨਾਲ ਮੁਲਾਕਾਤ ਕੀਤੀ, ਜਿਨ੍ਹਾਂ ਵਿੱਚੋਂ ਕਈ ਪਾਰਲੀਆਮੈਂਟ ਵਿੱਚ ਨਵੇਂ ਹਨ। ਬਲਾਂਸ਼ੇ ਨੇ ਆਖਿਆ ਕਿ ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਵਰਗੇ ਹੋਰਨਾਂ ਪ੍ਰੋਵਿੰਸ਼ੀਅਲ ਆਗੂਆਂ ਤੋਂ ਉਹ ਜਿੰਨਾਂ ਜ਼ਿਆਦਾ ਅਜਿਹੀਆਂ ਗੱਲਾਂ ਸੁਣ ਰਹੇ ਹਨ ਓਨੀ ਜ਼ਿਆਦਾ ਉਨ੍ਹਾਂ ਦੀ ਪ੍ਰਤਿਕਿਰਿਆ ਇਸ ਸਥਿਤੀ ਬਾਰੇ ਸਖ਼ਤ ਹੁੰਦੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਅਜਿਹੇ ਚੈੱਕਾਂ ਬਾਰੇ ਨਹੀਂ ਪਤਾ ਜਿਹੜੇ ਪ੍ਰਧਾਨ ਮੰਤਰੀ ਵੱਲੋਂ ਕਿਊਬਿਕ ਸਰਕਾਰ ਲਈ ਸਾਈਨ ਕੀਤੇ ਹੋਣ। ਉਨ੍ਹਾਂ ਕੇਨੀ ਬਾਰੇ ਗੱਲ ਕਰਦਿਆਂ ਆਖਿਆ ਕਿ ਉਨ੍ਹਾਂ ਕੋਲ ਤਾਂ ਤੇਲ ਦਾ ਭੰਡਾਰ ਹੈ ਤੇ ਉਹ ਜੋ ਚਾਹੁਣ ਉਹ ਕਰ ਸਕਦੇ ਹਨ।

ਇਸ ਤੋਂ ਪਹਿਲਾਂ ਦਿਨ ਵੇਲੇ ਪਾਰਟੀ ਦੀਆਂ ਤਰਜੀਹਾਂ ਅਤੇ ਕਲਾਈਮੇਟ ਚੇਂਜ ਵਰਗੇ ਮੁੱਦਿਆਂ ਉੱਤੇ ਕੋਈ ਸਾਂਝਾ ਆਧਾਰ ਤਿਆਰ ਕਰਨ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਮੁਲਾਕਾਤ ਤੋਂ ਬਾਅਦ ਬਲਾਂਸ਼ੇ ਨੇ ਆਖਿਆ ਕਿ ਪੱਛਮੀ ਪ੍ਰੋਵਿੰਸਾਂ ਵੱਲੋਂ ਵੱਖ ਹੋਣ ਲਈ ਚਲਾਈ ਜਾਣ ਵਾਲੀ ਕਿਸੇ ਵੀ ਤਰ੍ਹਾਂ ਦੀ ਮੁਹਿੰਮ ਦਾ ਉਹ ਓਨਾ ਚਿਰ ਸਮਰਥਨ ਨਹੀਂ ਕਰਦੇ ਜਿੰਨਾਂ ਚਿਰ ਉਹ ਆਪਣੇ ਤੇਲ ਤੇ ਗੈਸ ਸੈਕਟਰ ਦਾ ਪ੍ਰਚਾਰ ਕਰਨੋਂ ਨਹੀਂ ਹਟਦੇ।

...ਬਾਕੀ ਪੰਨਾ 6 'ਤੇ

# ਹੈਲਥ ਏਜੰਸੀਆਂ ਨੂੰ ਰਲਾ ਕੇ ਸੀਈਓਜ਼ ਦੀ ਛੁੱਟੀ ਕਰੇਗੀ ਓਨਟਾਰੀਓ ਸਰਕਾਰ




ਟੋਰਾਂਟੋ, 13 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਪ੍ਰੋਵਿੰਸ ਦੀਆਂ ਵੱਡੀਆਂ ਹੈਲਥ ਏਜੰਸੀਆਂ ਜਿਵੇਂ ਕਿ ਕੈਂਸਰ ਕੇਅਰ ਓਨਟਾਰੀਓ ਤੇ ਈਹੈਲਥ ਨੂੰ ਇੱਕ ਛੱਤ ਥੱਲੇ ਲਿਆਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ ਤੇ ਇਸ ਦੇ ਨਾਲ ਹੀ ਨੌਂ ਲੋਕਲ ਹੈਲਥ ਇੰਟੇਗ੍ਰੇਸ਼ਨ ਨੈੱਟਵਰਕਜ਼ ਦੇ ਸੀਈਓਜ਼ ਨੂੰ ਵੀ ਨੌਕਰੀ ਤੋਂ ਕੱਢਿਆ ਜਾਵੇਗਾ। ਇਨ੍ਹਾਂ ਸੀਈਓਜ਼ ਨੂੰ ਮੁਆਵਜ਼ੇ ਵਜੋਂ ਕੁੱਲ 3 ਮਿਲੀਅਨ ਡਾਲਰ ਦਿੱਤੇ ਜਾਣਗੇ। ਇਸ ਫੈਸਲੇ ਤੋਂ ਬਾਅਦ ਪ੍ਰੋਵਿੰਸ ਦੀਆਂ 14 ਐਲਐਚਆਈਐਨਐੱਸ ਤੇ ਛੇ ਹੈਲਥ ਏਜੰਸੀਆਂ ਨੂੰ ਇੱਕਠਿਆਂ ਕਰ ਦਿੱਤਾ ਜਾਵੇਗਾ ਤੇ ਓਨਟਾਰੀਓ ਹੈਲਥ ਨਾਂ ਦੀ ਇੱਕ ਸੁਪਰ ਏਜੰਸੀ ਬਣਾਈ ਜਾਵੇਗੀ। ਇਸ ਨਾਲ ਸਾਲ ਵਿੱਚ ਅੰਦਾਜ਼ਨ 350 ਮਿਲੀਅਨ ਡਾਲਰ ਦੀ ਬਚਤ ਹੋਵੇਗੀ।

ਇਸ ਪ੍ਰਕਿਰਿਆ ਦੇ ਅਗਲੇ ਕਦਮ ਤਹਿਤ ਸਿਹਤ ਮੰਤਰੀ ਕ੍ਰਿਸਟੀਨ ਐਲੀਅਟ ਨੇ ਬੁੱਧਵਾਰ ਨੂੰ ਇਹ ਐਲਾਨ ਕੀਤਾ ਕਿ ਇਨ੍ਹਾਂ ਛੇ ਵਿੱਚੋਂ ਪੰਜ ਏਜੰਸੀਆਂ ਨੂੰ 2 ਦਸੰਬਰ ਤੱਕ ਓਨਟਾਰੀਓ ਹੈਲਥ ਕੋਲ ਟਰਾਂਸਫਰ ਕਰ ਦਿੱਤਾ ਜਾਵੇਗਾ। ਟ੍ਰਿਲੀਅਮ ਗਿਫਟ ਆਫ ਲਾਈਫ ਨੈੱਟਵਰਕ, ਜੋ ਕਿ ਆਰਗਨ, ਟਿਸ਼ੂ ਡੋਨੇਸ਼ਨ ਤੇ ਟਰਾਂਸਪਲਾਂਟੇਸ਼ਨ ਸਰਵਿਸਿਜ਼ ਲਈ ਜ਼ਿੰਮੇਵਾਰ ਹੈ, ਨੂੰ ਬਾਅਦ ਵਿੱਚ ਬਦਲੀ ਕੀਤਾ ਜਾਵੇਗਾ।

ਐਲੀਅਟ ਨੇ ਆਖਿਆ ਕਿ ਇਨ੍ਹਾਂ ਤਬਦੀਲੀਆਂ ਦਾ ਮਰੀਜ਼ਾਂ ਉੱਤੇ ਕੋਈ ਅਸਰ ਨਹੀਂ ਹੋਵੇਗਾ ਤੇ ਨਾ ਹੀ ਕਰਮਚਾਰੀਆਂ ਨੂੰ ਹੀ ਕੋਈ ਦਿੱਕਤ ਆਵੇਗੀ। ਉਨ੍ਹਾਂ ਨੂੰ ਪਹਿਲਾਂ ਵਾਲਾ ਕੰਮ ਹੀ ਕਰਨਾ ਹੋਵੇਗਾ। ਬੱਸ ਹੁਣ ਓਨਟਾਰੀਓ ਹੈਲਥ ਹੀ ਉਨ੍ਹਾਂ ਦਾ ਇੰਪਲਾਇਰ ਹੋਵੇਗਾ। ਸਰਕਾਰ ਦਾ ਕਹਿਣਾ ਹੈ ਕਿ ਹੌਲੀ ਹੌਲੀ ਐਲਐਚਆਈਐਨਐੱਸ ਨੂੰ ਖਤਮ ਕਰ ਦਿੱਤਾ ਜਾਵੇਗਾ। ਪਰ ਹਾਲ ਦੀ ਘੜੀ ਪੰਜੇ ਸੀਈਓਜ਼ ਨੂੰ ਇਹ ਰਲੇਵਾਂ ਮੁਕੰਮਲ ਹੋਣ ਤੱਕ ਵੱਖ ਵੱਖ ਰੀਜਨਜ਼ ਵੇਖਣੇ ਹੋਣਗੇ।

# ਐਨਡੀਪੀ ਦੀਆਂ ਮੰਗਾਂ ਨਾ ਮੰਨੇ ਜਾਣ ਉੱਤੇ ਰਾਜ ਭਾਸ਼ਣ ਖਿਲਾਫ ਵੋਟ ਕਰਾਂਗੇ : ਜਗਮੀਤ ਸਿੰਘ



ਓਟਵਾ, 13 ਨਵੰਬਰ (ਪੋਸਟ ਬਿਊਰੋ) : ਐਨਡੀਪੀ ਆਗੂ ਜਗਮੀਤ ਸਿੰਘ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਜੇ ਉਨ੍ਹਾਂ ਦੀ ਪਾਰਟੀਆਂ ਦੀਆਂ ਤਰਜੀਹਾਂ ਨੂੰ ਲਿਬਰਲਾਂ ਦੇ ਪਾਲਿਸੀ ਏਜੰਡੇ ਵਿੱਚ ਸ਼ਾਮਲ ਨਾ ਕੀਤਾ ਗਿਆ ਤਾਂ ਉਹ ਰਾਜ ਭਾਸ਼ਣ ਦੇ ਖਿਲਾਫ ਵੋਟ ਕਰਨਗੇ।

ਜਗਮੀਤ ਸਿੰਘ ਵੱਲੋਂ ਵੀਰਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਮੁਲਾਕਾਤ ਕੀਤੀ ਜਾਵੇਗੀ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਸ ਸਮੇਂ ਹੀ ਜਗਮੀਤ ਸਿੰਘ ਆਪਣੀ ਪਾਰਟੀ ਦੀਆਂ ਤਰਜੀਹਾਂ ਟਰੂਡੋ ਦੇ ਕੰਨਾਂ ਵਿੱਚ ਪਾਉਣਗੇ ਤੇ ਘੱਟਗਿਣਤੀ ਪਾਰਲੀਆਮੈਂਟ ਵਿੱਚ ਆਪਣੀ ਪਾਰਟੀ ਦੀ ਸਥਿਤੀ ਨੂੰ ਮਜ਼ਬੂਤ ਕਰਨ ਲਈ ਰਾਹ ਪੱਧਰਾ ਕਰਨ ਦੀ ਕੋਸ਼ਿਸ਼ ਕਰਨਗੇ।

ਬੁੱਧਵਾਰ ਨੂੰ ਪਾਰਲੀਆਮੈਂਟ ਹਿੱਲ ਉੱਤੇ ਗੱਲ ਕਰਦਿਆਂ ਜਗਮੀਤ ਸਿੰਘ ਨੇ ਆਖਿਆ ਕਿ ਉਨ੍ਹਾਂ ਦੀਆਂ ਤਿੰਨ ਮੁੱਖ ਤਰਜੀਹਾਂ ਹਨ ਜਿਹੜੀਆਂ ਉਹ ਲਿਬਰਲ ਰਾਜ ਭਾਸ਼ਣ ਵਿੱਚ ਵੇਖਣੀਆਂ ਚਾਹੁੰਦੇ ਹਨ। ਸੱਭ ਤੋਂ ਪਹਿਲਾਂ ਐਨਡੀਪੀ ਚਾਹੁੰਦੀ ਹੈ ਕਿ ਲਿਬਰਲ ਨੈਸ਼ਨਲ ਯੂਨੀਵਰਸਲ ਫਾਰਮਾਕੇਅਰ ਪ੍ਰੋਗਰਾਮ ਤਿਆਰ ਕਰਨ ਵਿੱਚ ਐਨਡੀਪੀ ਦਾ ਸਾਥ ਦੇਣ। ਉਨ੍ਹਾਂ ਆਖਿਆ ਕਿ ਹੈਲਥ ਕੇਅਰ ਦੇ ਮਾਮਲੇ ਵਿੱਚ ਲੋਕ ਚਿੰਤਤ ਹਨ। ਇਹ ਅਜਿਹਾ ਮੁੱਦਾ ਹੈ ਜਿਸ ਨਾਲ ਦੇਸ਼ ਭਰ ਦੇ ਕੈਨੇਡੀਅਨ ਇੱਕਜੁੱਟ ਹੋ ਜਾਣਗੇ।

ਪਬਲਿਕ ਡੈਂਟਲ ਕਵਰੇਜ ਲਈ ਵੀ ਜਗਮੀਤ ਸਿੰਘ ਟਰੂਡੋ ਉੱਤੇ ਦਬਾਅ ਬਣਾਉਣਾ ਚਾਹੁੰਦੇ ਹਨ। ਇਸ ਤੋਂ ਇਲਾਵਾ ਕੈਨੇਡੀਅਨ ਹਿਊਮਨ ਰਾਈਟਸ ਟ੍ਰਿਬਿਊਨਲ ਵੱਲੋਂ 2007 ਤੋਂ ਬਾਅਦ ਗਲਤੀ ਨਾਲ ਫੌਸਟਰ ਕੇਅਰ ਵਿੱਚ ਰੱਖੇ ਗਏ ਮੂਲਵਾਸੀ ਬੱਚਿਆਂ ਵਿੱਚੋਂ ਹਰੇਕ ਨੂੰ 40,000 ਡਾਲਰ ਫੈਡਰਲ ਸਰਕਾਰ ਵੱਲੋਂ ਦੇਣ ਦੇ ਦਿੱਤੇ ਗਏ ਫੈਸਲੇ ਨੂੰ ਲਿਬਰਲ ਸਰਕਾਰ ਵੱਲੋਂ ਦਿੱਤੀ ਗਈ ਕਾਨੂੰਨੀ ਚੁਣੌਤੀ ਨੂੰ ਵਾਪਿਸ ਲੈਣ ਲਈ ਵੀ ਜਗਮੀਤ ਸਿੰਘ ਟਰੂਡੋ ਤੋਂ ਮੰਗ ਕਰਨਗੇ।

Best Insurance Rates
Auto • Home • Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
• Life Insurance • Super Visa Insurance
• Critical illness Ins • Mortgage Insurance
• Travel & Visitor Ins • Disability Insurance
• RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOUR PLAN TODAY......FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

WE DESIGN & BUILD ANGLECON CONSTRUCTION
Fully Insured | Team of licensed trades | Quality work & on-time insured
RESIDENTIAL: Custom homes, Home additions, Full home renovations, Legal basement
COMMERCIAL: New store design & build, Lease hold Improvements, Medical, offices, restaurants, retail & salon
FAST TRACK PERMIT & CONSTRUCTION 437.219.5009 info@anglecon.ca
BRAMPTON ∘ MISSISSAUGA ∘ ETOBICOKE ∘ OAKVILLE

INSURANCE
Auto | Home | Business | Trucking | Life
ਇੰਸ਼ੋਰੈਂਸ ਦੇ ਵਧੀਆ ਰੇਟ Best rates & Best Coverage
RAJESH SOOD (RAJ) CAIB (hons.), MBA (finance), RIBO
ਸੰਪਰਕ ਕਰੋ: 416-908-6237
AXXEL Unit 1, 30 Topflight dr., Mississauga

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ 905.796.7500
Tico # 50021780
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਿਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca 416-502-3100
Jasbir Singh Hundal Qualified Credit Counsellor
Unit #20 - 7015 Tranmere Drive Mississauga, ON L5S 1T7

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

SNOW PLOWING & SALTING SERVICES
WE SERVICE ALL KINDS OF PROPERTIES
- Truck & Trailer parking yards
- Plazas & Industrial buildings
- Banquet halls & restaurants
- Gas stations & repair shops
- Offices & Clinics
We are Professional, Reliable & Experienced
AAA LANDSCAPING 647-784-1213

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.405.0648
info@atozpestcontroltoronto.com | www.atozpestcontroltoronto.com

• Super Visa Insurance
• Visitor Visa Insurance
• Travel Insurance
• Student Insurance
• New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr.,
Brampton,
ON L6Y 4X4

## ਅੱਜ ਨਾਮਾ

ਕੰਪਨੀ ਹੋਈ ਸੀ ਬਾਈਕ ਦੀ ਬੰਦ ਪਹਿਲਾਂ,
ਮਗਰੋਂ ਕਾਰਾਂ ਦੀ ਕੀਤੀ ਗਈ ਬੰਦ ਮੀਆਂ।
ਕੰਪਨੀ ਦੂਜੀ ਕੋਈ ਕੱਢ ਰਹੀ ਕਾਮਿਆਂ ਨੂੰ,
ਬਕਸਿਆਂ ਅੰਦਰ ਸਮੇਟ ਰਹੀ ਸੰਦ ਮੀਆਂ।
ਕਰਨੇ ਬੰਦ ਪੈ ਗਏ ਦਫਤਰ ਬਾਹਰ ਵਾਲੇ,
ਕਾਰ-ਵਿਹਾਰ ਨੂੰ ਜੁੜੀ ਨਹੀਂ ਤੰਦ ਮੀਆਂ।
ਸਰਕਾਰ ਕਰਦੀ ਤਰੱਕੀ ਦੇ ਬਹੁਤ ਦਾਅਵੇ,
ਅੰਕੜੇ ਚੜ੍ਹਦੇ ਦਿਖਾਉਣ ਪਏ ਚੰਦ ਮੀਆਂ।
ਕਾਹਦੀ ਕਾਰ-ਸਕੂਟਰ ਲਈ ਬਾਤ ਕਰਨੀ,
ਮੰਦਾ ਪਹੁੰਚ ਗਿਆ ਦਾਲ ਜਾਂ ਭਾਤ ਤੀਕਰ।
ਚਰਚਾ ਦਿੱਲੀ-ਪੰਜਾਬ ਵਿੱਚ ਹੋਏ ਕਾਹਦੀ,
ਮੰਦਾ ਗਿਆ ਜਦ ਪਹੁੰਚ ਗੁਜਰਾਤ ਤੀਕਰ।

**ਤੀਸ ਮਾਰ ਖਾਂ**

# ਫਾਂਸੀ ਦੀ ਸਜ਼ਾ ਮੁਆਫੀ ਵਾਲਾ ਦਵਿੰਦਰਪਾਲ ਸਿੰਘ ਭੁੱਲਰ ਰਿਹਾਅ ਕੀਤਾ ਜਾਵੇਗਾ

*** ਕੇਂਦਰ ਸਰਕਾਰ ਵੱਲੋਂ ਰਿਹਾਈ ਦੇ ਹੁਕਮ ਜਾਰੀ**

ਚੰਡੀਗੜ੍ਹ, 13 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ 1993 ਦੇ ਦਿੱਲੀ ਬੰਬ ਧਮਾਕਾ ਕੇਸ ਦੀ ਸਜ਼ਾ ਕੱਟ ਰਹੇ ਦਵਿੰਦਰਪਾਲ ਸਿੰਘ ਭੁੱਲਰ ਨੂੰ ਰਿਹਾਅ ਕਰਨ ਦੇ ਲਈ ਆਦੇਸ਼ ਦਿੱਤੇ ਹਨ। ਭੁੱਲਰ ਨੂੰ ਇਸ ਕੇਸ ਵਿੱਚ ਫਾਂਸੀ ਦੀ ਸਜ਼ਾ ਹੋਈ ਸੀ, ਪਰ ਲਮਾਂ ਸਮਾਂ ਜੇਲ੍ਹ ਵਿੱਚ ਰਹਿਣ ਦੌਰਾਨ ਉਸ ਦੀ ਖਰਾਬ ਹੋਈ ਮਾਨਸਿਕ ਸਥਿਤੀ ਨੂੰ ਦੇਖਦੇ ਹੋਏ ਸੁਪਰੀਮ ਕੋਰਟ ਨੇ 2014 ਵਿੱਚ ਉਸ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਤਬਦੀਲ ਕਰ ਦਿੱਤਾ ਸੀ। ਵਰਨਣ ਯੋਗ ਹੈ ਕਿ ਕਈ ਸਿੱਖ ਜਥੇਬੰਦੀਆਂ ਲੰਬੇ ਸਮੇਂ ਤੋਂ ਦਵਿੰਦਰਪਾਲ ਸਿੰਘ ਭੁੱਲਰ ਨੂੰ ਰਿਹਾਅ ਕਰਨ ਲਈ ਜ਼ੋਰ ਪਾ ਰਹੀਆਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਭੁੱਲਰ ਆਪਣੀ ਬਣੀ ਸਜ਼ਾ ਪੂਰੀ ਕਰ ਚੁੱਕਾ ਹੈ।

ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦੇ ਹੁਕਮ ਜਾਰੀ ਕਰਨ ਤੋਂ ਕੁਝ ਦਿਨ ਪਹਿਲਾਂ ਕੇਂਦਰ ਸਰਕਾਰ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿੱਚ ਬਦਲਣ ਦੇ ਹੁਕਮ ਵੀ ਦਿੱਤੇ ਸਨ। ਇਸ ਦੌਰਾਨ ਪੰਜਾਬ ਸਰਕਾਰ ਨੇ ਵੀ ਅੱਠ ਕੈਦੀ ਛੱਡਣ ਦਾ ਫ਼ੈਸਲਾ ਕੀਤਾ ਹੈ। ਇਨ੍ਹਾਂ ਵਿੱਚੋਂ ਪਟਿਆਲਾ ਜੇਲ੍ਹ ਵਿੱਚ ਬੰਦ ਲਾਲ ਸਿੰਘ ਨੂੰ ਛੱਡਣ ਦੇ ਹੁਕਮ ਹੋਏ ਹਨ, ਪਰ ਦੋ



ਹੋਰ ਕੇਸ ਦਰਜ ਹੋਣ ਕਾਰਨ ਉਸ ਦੀ ਰਿਹਾਈ ਨਹੀਂ ਹੋ ਸਕੇਗੀ। ਉਸ ਤੋਂ ਇਲਾਵਾ ਦੋ ਕੈਦੀਆਂ ਨੰਦ ਸਿੰਘ ਅਤੇ ਸ਼ਬੇਗ ਸਿੰਘ ਨੂੰ ਛੱਡਣ ਲਈ ਹੁਕਮ ਮਿਲਣ ਪਿੱਛੋਂ ਜੇਲ੍ਹ ਅਧਿਕਾਰੀ ਉਨ੍ਹਾਂ ਦੇ ਜ਼ਮਾਨਤੀ ਬਾਂਡ ਦੀ ਉਡੀਕ ਕਰ ਰਹੇ ਹਨ।

ਪਟਿਆਲਾ ਜੇਲ੍ਹ ਦੇ ਸੁਪਰਡੈਂਟ ਭੁਪਿੰਦਰ ਸਿੰਘ ਵਿਰਕ ਨੇ ਇਨ੍ਹਾਂ ਹੁਕਮਾਂ ਦੀ ਪੁਸ਼ਟੀ ਕਰਦੇ ਹੋਏ ਇਹ ਦੱਸਿਆ ਕਿ ਬਲਵੰਤ ਸਿੰਘ ਰਾਜੋਆਣਾ ਵੀ ਏਸੇ ਜੇਲ੍ਹ ਵਿੱਚ ਹੈ, ਪਰ ਉਸਦੀ ਸਜ਼ਾ ਮੁਆਫ਼ੀ ਦਾ ਕੋਈ ਹੁਕਮ ਇਸ ਜੇਲ੍ਹ ਵਿੱਚਨਹੀਂ ਪੁੱਜਾ। ਪਿਛਲੇ ਕਰੀਬ 16 ਸਾਲ ਤੋਂ ਜੇਲ੍ਹ ਵਿੱਚ ਬੰਦਰਾਜੋਆਣਾ ਦੀ ਫਾਂਸੀ ਦੀ ਮੁਆਫੀ ਵਾਸਤੇ ਵੀ ਕੇਂਦਰ ਸਰਕਾਰ ਵੱਲੋਂ ਹੁਕਮ ਜਾਰੀ ਹੋਣ ਦੀ ਖਬਰ ਆ ਚੁੱਕੀ ਹੈ, ਜਿਸ ਉੱਤੇ ਮਿਲੀ ਜੁਲੀ ਪ੍ਰਤੀਕਿਰਿਆ ਮਿਲੀ ਹੈ।

ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਵਿੱਚ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ਼ੀ ਬਾਰੇ ਪੰਜਾਬ ਭਾਜਪਾ ਦੇ ਪ੍ਰਧਾਨ ਸ਼ਵੇਤ ਮਲਿਕ ਨੇ ਕਿਹਾ ਕਿ ਇਸ ਵਿਚ ਕੁਝ ਗ਼ਲਤ ਨਹੀਂ, ਸਭ ਕੁਝ ਨਿਯਮਾਂ ਮੁਤਾ-ਬਕ ਹੋਇਆ ਹੈ, ਕਿਉਂਕਿ ਰਾਜੋਆਣਾ ਸਜ਼ਾ ਦਾ ਲੰਬਾ ਸਮਾਂ ਜੇਲ੍ਹ ਵਿੱਚਕੱਟ ਚੁੱਕਾ ਹੈ।ਅਕਾਲੀ ਦਲ ਨੇ ਰਾਜੋਆਣਾ ਦੀ ਫਾਂਸੀ ਨੂੰ ਉਮਰ ਕੈਦ ਵਿੱਚਬਦਲਣ ਦੇ ਫ਼ੈਸਲੇ ਦਾ ਸਵਾਗਤ ਕੀਤਾ ਤੇ ਪਾਰਟੀ ਦੇ ਸੀਨੀਅਰ ਨੇਤਾ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ ਫ਼ੈਸਲਾ ਸਿੱਖਾਂ ਦੇ ਜ਼ਖ਼ਮਾਂ ਉੱਤੇ ਮਲ੍ਹਮ ਲਾਏਗਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿਧਾਂਤਕ ਤੌਰ ਉੱਤੇ ਮੌਤ ਦੀ ਸਜ਼ਾ ਦਾ ਹਮੇਸ਼ਾ ਵਿਰੋਧ ਕੀਤਾ ਹੈ ਅਤੇ ਕਰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਸਜ਼ਾ ਪੂਰੀ ਕਰ ਚੁੱਕੇ ਸਾਰੇ ਕੈਦੀਆਂ ਨੂੰ ਰਿਹਾਅ ਕਰਨ ਦੇ ਹੱਕ ਵਿਚ ਹੈ।

ਦੂਸਰੇ ਪਾਸੇ ਐਂਟੀ ਟੈਰਰਿਸਟ ਫਰੰਟ ਦੇ ਚੇਅਰਮੈਨ ਮਨਿੰਦਰਜੀਤ ਸਿੰਘ ਬਿੱਟਾ ਨੇ ਕਿਹਾ ਕਿ ਉਹ ਕੇਂਦਰ ਸਰਕਾਰ ਵੱਲੋਂ ਦਵਿੰਦਰ ਪਾਲ ਸਿੰਘ ਭੁੱਲਰ ਨੂੰ ਰਿਹਾਅ ਕਰਨ ਦੇ ਫ਼ੈਸਲੇ ਖ਼ਿਲਾਫ਼ ਸੁਪਰੀਮ ਕੋਰਟ ਜਾਣਗੇ। ਰਾਇਸਿਨਾ ਰੋਡਦਿੱਲੀ ਵਿਖੇ11 ਸਤੰਬਰ 1993 ਨੂੰ ਹੋਏ ਬੰਬ ਧਮਾਕੇ ਵਿੱਚਮਨਿੰਦਰਜੀਤ ਸਿੰਘ ਬਿੱਟਾ ਵਾਲ-ਵਾਲ ਬਚੇ ਸਨ, ਜਿਸ ਵਿੱਚ ਹੋਰ ਨੌਂ ਲੋਕਾਂ ਦੀ ਮੌਤ ਹੋ ਗਈ ਅਤੇ 36 ਜ਼ਖ਼ਮੀ ਹੋਏ ਸਨ। ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਅਤੇ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਬਲਵੰਤ ਸਿੰਘ ਰਾਜੋਆਣਾ ਦੇ ਕੇਸ ਵਿੱਚਚੁਣੌਤੀ ਦੇਣ ਦੀ ਗੱਲ ਕਹੀ ਹੈ।

# ਸੁਪਰੀਮ ਕੋਰਟ ਦਾ ਵੱਡਾ ਫ਼ੈਸਲਾ: ਚੀਫ ਜਸਟਿਸ ਦਾ ਦਫਤਰ ਵੀ ਪਾਰਦਰਸ਼ਤਾ ਕਾਨੂੰਨ ਦੇ ਘੇਰੇ ਵਿੱਚ ਹੋਵੇਗਾ

ਨਵੀਂ ਦਿੱਲੀ, 13 ਨਵੰਬਰ, (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਅੱਜ ਬੁੱਧਵਾਰਇਕ ਫ਼ੈਸਲੇ ਵਿੱਚ ਕਿਹਾ ਹੈ ਕਿ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਦੇ ਮੁੱਖ ਜੱਜ ਦਾ ਦਫ਼ਤਰ (ਚੀਫ ਜਸਟਿਸ ਆਫਿਸ) ਇਕ ਪਬਲਿਕ ਅਥਾਰਟੀ ਹੈ ਅਤੇ ਇਹ ਵੀ ਪਾਰਦਰਸ਼ਤਾ ਸੂਚਨਾ ਅਧਿਕਾਰ (ਆਰ ਟੀ ਆਈ) ਦੇ ਘੇਰੇ ਵਿੱਚ ਆਉਂਦੀ ਹੈ। ਅੱਜ ਚੀਫ ਜਸਟਿਸ ਰੰਜਨ ਗੋਗੋਈ ਦੀ ਪ੍ਰਧਾਨਗੀ ਵਾਲੀ ਪੰਜ ਜੱਜਾਂ ਦੀ ਬੈਂਚ ਨੇ ਇਹ ਇਤਿਹਾਸਕ ਫ਼ੈਸਲਾ ਦੇਣ ਵੇਲੇ ਦਿੱਲੀ ਹਾਈ ਕੋਰਟ ਦੇ ਫ਼ੈਸਲੇ ਨੂੰ ਕਾਇਮ ਰੱਖਦੇ ਹੋਏ ਕਿਹਾ ਕਿ ਸਾਰੇ ਜੱਜ ਆਰ ਟੀ ਆਈ ਕਾਨੂੰਨ ਦੇ ਘੇਰੇ ਵਿੱਚ ਆਉਣਗੇ। ਵਰਨਣ ਯੋਗ ਹੈ ਕਿ ਬੀਤੀ ਚਾਰ ਅਪ੍ਰੈਲ ਨੂੰ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਨੇ ਇਸ ਕੇਸ ਵਿੱਚ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਸੁਪਰੀਮ ਕੋਰਟ ਦੇ ਇਸ ਫ਼ੈਸਲੇ ਨੂੰ ਸੂਚਨਾ ਦੇ ਅਧਿਕਾਰ ਕਾਨੂੰਨ ਦੀ ਮਜ਼ਬੂਤੀ ਦੇ ਪੱਖਤੋਂ ਵੱਡਾ ਕਦਮ ਮੰਨਿਆ ਜਾ ਰਿਹਾ ਹੈ।ਆਰ ਟੀ ਆਈ ਬਾਰੇ ਅੱਜ ਇਹ ਫੈਸਲਾ ਦੇਣ ਵਾਲੇ ਇਸ ਸੰਵਿਧਾਨਕ ਬੈਂਚ ਵਿੱਚਜਸਟਿਸ



ਰੰਜਨ ਗੋਗੋਈ ਨਾਲ ਜਸਟਿਸ ਐੱਨ ਵੀ ਰਮਨਾ, ਜਸਟਿਸ ਡੀਵਾਈ ਚੰਦਰਚੂੜ, ਜਸਟਿਸ ਦੀਪਕ ਗੁਪਤਾ ਅਤੇ ਜਸਟਿਸ ਸੰਜੀਵ ਖੰਨਾ ਸ਼ਾਮਲ ਹਨ। ਅਦਾਲਤ ਨੇ ਸੁਣਵਾਈ ਪੂਰੀ ਕਰਦੇ ਹੋਏ ਕਿਹਾ ਕਿ ਪਾਰਦਰਸ਼ੀ ਪ੍ਰਣਾਲੀ ਨਾ ਹੋਵੇ, ਇਹ ਗੱਲ ਕੋਈ ਵੀ ਨਹੀਂ ਚਾਹੁੰਦਾ, ਪਰ ਪਾਰਦਰਸ਼ਤਾ ਦੇ ਅਧਿਕਾਰ ਦੇ ਨਾਂਅ ਉੱਤੇ ਅਸੀਂ ਨਿਆਂ ਪਾਲਿਕਾ ਨੂੰ ਨਸ਼ਟ ਵੀਨਹੀਂ ਕਰ ਸਕਦੇ। ਸੁਪਰੀਮ ਕੋਰਟ ਦੇ ਜਨਰਲ ਸਕੱਤਰ ਤੇ ਕੇਂਦਰੀ ਜਨਤਕ ਸੂਚਨਾ ਅਧਿਕਾਰੀ ਨੇ ਇਸ ਬਾਰੇਦਿੱਲੀ ਹਾਈ ਕੋਰਟ ਤੇ ਕੇਂਦਰੀ ਸੂਚਨਾ ਕਮਿਸ਼ਨ ਦੇ ਹੁਕਮਾਂ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੋਈ ਸੀ।

# ਸਪੀਕਰ ਦੀ ਭੂਮਿਕਾ ਮੁੜ ਨਿਭਾਉਣੀ ਚਾਹੁੰਦੇ ਹਨ ਜੈੱਫ ਰੀਗਨ

ਓਟਵਾ, 13 ਨਵੰਬਰ (ਪੋਸਟ ਬਿਊਰੋ) : ਪਿਛਲੇ ਚਾਰ ਸਾਲਾਂ ਤੋਂ ਹਾਊਸ ਆਫ ਕਾਮਨਜ਼ ਵਿੱਚ ਸਪੀਕਰ ਰਹੇ ਜੈੱਫ ਰੀਗਨ ਪਾਰਲੀਆਮੈਂਟ ਦੇ ਨਵੇਂ ਸੈਸ਼ਨ ਵਿੱਚ ਆਪਣੀ ਉਹੀ ਭੂਮਿਕਾ ਮੁੜ ਨਿਭਾਉਣੀ ਚਾਹੁੰਦੇ ਹਨ। ਹੈਲੀਫੈਕਸ ਤੋਂ ਲਿਬਰਲ ਐਮਪੀ ਦੀ ਇੱਛਾ ਹੈ ਕਿ ਜਸਟਿਨ ਟਰੂਡੋ ਦੀ ਅਗਵਾਈ ਵਿੱਚ ਐਤਕੀਂ ਬਣੀ ਘੱਟ ਗਿਣਤੀ ਲਿਬਰਲ ਸਰਕਾਰ ਦੌਰਾਨ ਵੀ ਰੈਫਰੀ ਵਜੋਂ ਕੰਮ ਕਰਨ ਦਾ ਉਨ੍ਹਾਂ ਨੂੰ ਇੱਕ ਵਾਰੀ ਫਿਰ ਮੌਕਾ ਮਿਲੇ। ਜ਼ਿਕਰਯੋਗ ਹੈ ਕਿ ਪਾਰਲੀਆਮੈਂਟ ਦਾ ਨਵਾਂ ਸੈਸ਼ਨ 5 ਦਸੰਬਰ ਨੂੰ ਸ਼ੁਰੂ ਹੋਣ ਜਾ ਰਿਹਾ ਹੈ। ਇਸ ਲਈ ਐਮਪੀਜ਼ ਵੱਲੋਂ ਸੱਭ ਤੋਂ ਪਹਿਲਾ ਕੰਮ ਨਵਾਂ ਸਪੀਕਰ ਚੁਣਨਾ ਹੈ। ਸਪੀਕਰ ਆਫਿਸ ਦੀ ਤਰਜ਼ਮਾਨ ਹੈਦਰ ਬ੍ਰੈਡਲੇ ਨੇ ਆਖਿਆ ਕਿ 42ਵੀਂ ਪਾਰਲੀਆਮੈਂਟ ਵਿੱਚ ਸਪੀਕਰ ਵਜੋਂ ਨਿਭਾਈ ਭੂਮਿਕਾ ਲਈ ਰੀਗਨ ਨੂੰ ਖੁਸ਼ੀ ਹੋਵੇਗੀ ਜੇ ਉਨ੍ਹਾਂ ਦੇ ਤਜਰਬੇ ਨੂੰ ਮੁੜੇ ਇਸ ਅਹੁਦੇ ਲਈ ਵਿਚਾਰਿਆ ਜਾਵੇ।

ਇਹ ਵੀ ਸਾਹਮਣੇ ਆਇਆ ਹੈ ਕਿ ਤਿੰਨ ਹੋਰ ਉਮੀਦਵਾਰ ਇਸ ਦੌੜ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ ਜਿਨ੍ਹਾਂ ਵਿੱਚ ਪਿਛਲੇ ਸੈਸ਼ਨ ਵਿੱਚ ਡਿਪਟੀ ਸਪੀਕਰ ਦੀ ਭੂਮਿਕਾ ਨਿਭਾਉਣ ਵਾਲੇ ਕੰਜ਼ਰਵੇਟਿਵ ਐਮਪੀ ਬਰੂਸ ਸਟੈਂਟਨ, ਪਿਛਲੇ ਸੈਸ਼ਨ ਵਿੱਚ



ਅਸਿਸਟੈਂਟ ਡਿਪਟੀ ਸਪੀਕਰ ਰਹਿ ਚੁੱਕੀ ਉੱਤਰੀ ਓਨਟਾਰੀਓ ਤੋਂ ਲਿਬਰਲ ਐਮਪੀ ਐਂਥਨੀ ਰੋਟਾ ਅਤੇ ਅਸਿਸਟੈਂਟ ਡਿਪਟੀ ਸਪੀਕਰ ਰਹਿ ਚੁੱਕੇ ਨਿਊ ਡੈਮੋਕ੍ਰੇਟ ਐਮਪੀ ਕੈਰੋਲ ਹੱਗਜ਼ ਸ਼ਾਮਲ ਹਨ।

ਇਸ ਅਹਦੁੇ ਨਾਲ ਤਨਖਾਹ ਵਿੱਚ 255,000 ਡਾਲਰ ਦਾ ਇਜਾਫਾ, ਹਾਊਸ ਆਫ ਕਾਮਨਜ਼ ਦੇ ਨੇੜੇ ਇੱਕ ਪ੍ਰਾਈਵੇਟ ਘਰ ਤੇ ਗੈਟਿਨਿਊ, ਕਿਊਬਿਕ ਵਿੱਚ ਇੱਕ ਹੋਰ ਸੰਪਤੀ, ਜਿਸ ਨੂੰ ਦ ਫਾਰਮ ਵਜੋਂ ਜਾਣਿਆ ਜਾਂਦਾ ਹੈ, ਮਿਲਦੀ ਹੈ। ਨਵੇਂ ਸਪੀਕਰ ਦੀ ਚੋਣ ਲਈ ਮੈਂਬਰ ਪਾਰਲੀਆਮੈਂਟ ਪਹਿਲਾਂ ਵੋਟਾਂ ਪਾਉਣਗੇ ਤੇ ਫਿਰ ਨਵੇਂ ਸੈਸ਼ਨ ਲਈ ਆਪਣੇ ਏਜੰਡੇ ਨੂੰ ਪ੍ਰਗਟਾਉਂਦਿਆਂ ਹੋਇਆਂ ਟਰੂਡੋ ਰਾਜ ਭਾਸ਼ਣ ਦੇਣਗੇ। ਫਿਰ ਇਸ ਰਾਜ ਭਾਸ਼ਣ ਦੇ ਆਧਾਰ ਉੱਤੇ ਟਰੂਡੋ ਨੂੰ ਭਰੋਸੇ ਦਾ ਵੋਟ ਹਾਸਲ ਕਰਨਾ ਹੋਵੇਗਾ।

ਭਰੋਸੇ ਦਾ ਵੋਟ ਹਾਸਲ ਕਰਨ ਲਈ ਲਿਬਰਲਾਂ ਨੂੰ ਬਲਾਕ ਕਿਊਬਿਕੁਆ ਜਾਂ ਨਿਊ ਡੈਮੋਕ੍ਰੈਟਿਕ ਪਾਰਟੀਆਂ ਵਿੱਚੋਂ ਕਿਸੇ ਇੱਕ ਦੇ ਸਮਰਥਨ ਦੀ ਲੋੜ ਪਵੇਗੀ। ਭਰੌਸੇ ਦਾ ਵੋਟ ਹਾਸਲ ਨਾ ਕਰਨ ਦੀ ਸੂਰਤ ਵਿੱਚ ਸਰਕਾਰ ਦੀ ਹਾਰ ਮੰਨੀ ਜਾਵੇਗੀ, ਜਿਸ ਤੋਂ ਬਾਅਦ ਗਵਰਨਰ ਜਨਰਲ ਜੂਲੀ ਪੇਯੇਟੇ ਨੂੰ ਇਹ ਫੈਸਲਾ ਲੈਣਾ ਹੋਵੇਗਾ ਕਿ ਉਹ ਚੋਣਾਂ ਕਰਵਾਉਣ ਦਾ ਸੱਦਾ ਦੇਣਗੇ ਜਾਂ ਕੰਜਰਵੇਟਿਵ ਆਗੂ ਐਂਡਰਿਊ ਸ਼ੀਅਰ ਨੂੰ ਹਾਊਸ ਆਫ ਕਾਮਨਜ਼ ਵਿੱਚ ਭਰੋਸੇ ਦਾ ਵੋਟ ਜਿੱਤਣ ਦਾ ਮੌਕਾ ਦੇਣਗੇ।

# ਇਟੋਬੀਕੋ ਦੇ ਘਰ ਵਿੱਚ ਲੱਗੀ ਅੱਗ ਕਾਰਨ ਮਹਿਲਾ ਦੀ ਹੋਈ ਮੌਤ

ਇਟੋਬੀਕੋ, 13 ਨਵੰਬਰ (ਪੋਸਟ ਬਿਊਰੋ) : ਮੰਗਲਵਾਰ ਰਾਤ ਇਟੋਬੀਕੋ ਵਿੱਚ ਇੱਕ ਘਰ ਨੂੰ ਲੱਗੀ ਅੱਗ ਵਿੱਚ ਝੁਲਸਣ ਕਾਰਨ 73 ਸਾਲਾ ਮਹਿਲਾ ਦੀ ਹਸਪਤਾਲ ਵਿੱਚ ਮੌਤ ਹੋ ਗਈ। ਇਸ ਦੀ ਪੁਸ਼ਟੀ ਪੁਲਿਸ ਵੱਲੋਂ ਕੀਤੀ ਗਈ।

ਅੱਗ ਆਈਲਿੰਗਟਨ ਐਵਨਿਊ ਤੇ ਲੇਕ ਸ਼ੋਰ ਬੁਲੀਵੀਆਰਡ ਵੈਸਟ ਨੇੜੇ ਸਥਿਤ ਏਟਥ ਸਟਰੀਟ ਉੱਤੇ ਮੌਜੂਦ ਘਰ ਵਿੱਚ ਸ਼ਾਮੀਂ 6:00 ਵਜੇ ਦੇ ਨੇੜੇ ਤੇੜੇ ਲੱਗੀ। ਜਦੋਂ ਅਮਲਾ ਮੌਕੇ ਉੱਤੇ ਪਹੁੰਚਿਆਂ ਤਾਂ ਉਨ੍ਹਾਂ ਪਾਇਆ ਕਿ ਇਸ ਸਟਰੀਟ ਉੱਤੇ ਸਥਿਤ ਇੱਕ ਬੰਗਲਾ ਧੂੰਏ ਨਾਲ ਭਰਿਆ ਹੋਇਆ ਸੀ। ਘਰ ਵਿੱਚ ਰਹਿਣ ਵਾਲਾ ਪੁਰਸ਼ ਤਾਂ ਕਿਸੇ ਤਰ੍ਹਾਂ ਘਰ ਵਿੱਚੋਂ ਬਾਹਰ ਨਿਕਲਣ ਵਿੱਚ ਕਾਮਯਾਬ ਹੋ ਗਿਆ ਪਰ ਉਸ ਦੀ ਪਤਨੀ ਉਦੋਂ ਵੀ ਘਰ ਦੇ ਅੰਦਰ ਹੀ ਫਸੀ ਹੋਈ ਸੀ।

ਉਸ ਨੂੰ ਟੋਰਾਂਟੋ ਫਾਇਰਫਾਈਟਰਜ਼ ਵੱਲੋਂ ਘਰ ਵਿੱਚੋਂ ਬਾਹਰ ਕੱਢਿਆ ਗਿਆ ਤੇ ਜਦੋਂ ਉਸ ਨੂੰ ਹਸਪਤਾਲ ਲਿਜਾਇਆ ਜਾ ਰਿਹਾ



ਸੀ ਤਾਂ ਉਸ ਵਿੱਚ ਸਾਹ ਸਤ ਨਹੀਂ ਸੀ ਬਚੇ। ਬੁੱਧਵਾਰ ਸਵੇਰੇ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਸ ਮਹਿਲਾ ਨੇ ਦਮ ਤੋੜ ਦਿੱਤਾ। ਅਜੇ ਤੱਕ ਅੱਗ ਲੱਗਣ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

GNR ਹਰਬਲ ਤੇਲ | 647-853-5800
globalnaturalremedies@yahoo.com
ਦਰਦਾਂ ਵਾਸਤੇ ਮਰਦਾਂ ਲਈ ਔਰਤਾਂ ਲਈ
Pain-Care He-Oil Stress-Care Chest Massage Oil
Ext. Use Only $9.99 | Joint Support $19.99 | For Men Only $9.99 | Feel Relaxed $14.99
Herbal Products
GLOBAL NATURAL REMEDIES

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

ukttc UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Air Brake Classes Sat-Sun 8am to 4pm
Forklift Training
Counterbalance
Reach Truck
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

ਪੰਜਾਬੀ ਪੋਸਟ 'ਚ ਸੇਲਜ਼ ਐਗਜ਼ੀਕਿਊਟਵਜ਼ ਦੀ ਲੋੜ
ਤਨਖਾਹ+ ਕਮਿਸ਼ਨ, ਪ੍ਰਤੀ ਸਾਲ 50,000 ਡਾਲਰ, ਆਪਣੀ ਕਾਰ ਹੋਣੀ ਚਾਹੀਦੀ ਹੈ ਅਤੇ ਅੰਗਰੇਜ਼ੀ ਤੇ ਪੰਜਾਬੀ ਬੋਲਣ 'ਚ ਮੁਹਾਰਤ ਹਾਸਿਲ ਹੋਵੇ। ਆਪਣਾ ਬਾਇਓਡਾਟਾ balwinder@punjabi-post.ca ਈਮੇਲ ਆਈਡੀ ਉਤੇ ਭੇਜ ਸਕਦੇ ਹੋ।
ਸੰਪਰਕ: 905-793-2202

PUNJABI POST NOW HIRING! SALES EXECUTIVES
Salary $19/hr + Bonus, Must be Sales Skill Master, have own car, fluent in english & punjabi.
Send your resume at: balwinder@punjabipost.ca
Call Punjabi Post: 905.793.2202

# ਕੈਪਟਨ ਅਮਰਿੰਦਰ ਨੇ ਕਿਹਾ: ਕਰਤਾਰਪੁਰ ਲਾਂਘੇ ਲਈ ਪੀਲੇ ਕਾਰਡ ਵਾਲੇ ਸ਼ਰਧਾਲੂਆਂ ਦੀ ਫੀਸ ਸ਼੍ਰੋਮਣੀ ਕਮੇਟੀ ਦੇ ਦੇਵੇ



ਚੰਡੀਗੜ੍ਹ, 13 ਨਵੰਬਰ, (ਪੋਸਟ ਬਿਊਰੋ)- ਪਾਕਿਸਤਾਨ ਵਿਚਲੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਲਈ ਜਾਣ ਵਾਸਤੇਡੇਰਾ ਬਾਬਾ ਨਾਨਕ ਤੋਂ ਭਾਰਤ-ਪਾਕਿ ਸਰਹੱਦ ਵਿਚ ਨਵੇਂ ਖੋਲ੍ਹੇ ਲਾਂਘੇ ਤੋਂ ਜਾਣ ਵਾਲੀਆਂ ਸਿੱਖ ਸੰਗਤਾਂ ਦੀ ਗਿਣਤੀ ਘੱਟ ਹੋਣ ਦੀਆਂ ਰਿਪੋਰਟਾਂ ਪਿੱਛੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਰਥਿਕ ਤੌਰ ਉੱਤੇਖੁਸ਼ਹਾਲ ਧਾਰਮਿਕ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਘੱਟੋ-ਘੱਟ ਪੀਲੇ ਕਾਰਡਧਾਰਕ ਵਾਲੇ ਗਰੀਬ ਸਿੱਖਾਂ 20 ਡਾਲਰ ਪ੍ਰਤੀ ਵਿਅਕਤੀ ਵਾਲੀ ਫੀਸ ਆਪਣੇ ਖ਼ਜ਼ਾਨਿਆਂਤੋਂ ਭਰਨ ਨੂੰ ਕਿਹਾ ਹੈ। ਉਨ੍ਹਾਂ ਕਿਹਾ ਕਿ ਇਹ ਲੋਕ ਆਪਣੇ ਪੱਲਿਉਂ ਏਨਾ ਖ਼ਰਚਾ ਨਹੀਂ ਚੁੱਕ ਸਕਦੇ, ਇਸ ਲਈ ਸ਼੍ਰੋਮਣੀ ਕਮੇਟੀ ਮਦਦ ਕਰ ਦੇਵੇ।

ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਰਤਾਰਪੁਰ ਲਾਂਘੇ ਤੋਂਜਾਂਦੀ ਸੰਗਤ ਲਈ ਪਾਸਪੋਰਟ ਦੀ ਸ਼ਰਤ ਖ਼ਤਮ ਕਰਨ ਲਈ ਭਾਰਤ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਦੀ ਥਾਂਪਛਾਣ ਵਾਲੇਆਧਾਰ ਕਾਰਡ, ਡਰਾਈਵਿੰਗ ਲਾਇਸੈਂਸ ਆਦਿ ਦਸਤਾਵੇਜ਼ਾਂ ਨੂੰ ਸਬੂਤ ਮੰਨ ਲਿਆ ਜਾਵੇ। ਉਨ੍ਹਾਂ ਕਿਹਾ ਕਿ ਕਿਉਂਕਿ ਪਾਸਪੋਰਟ ਉੱਤੇਕਿਸੇ ਵੀਜ਼ੇ ਦੀ ਮੋਹਰ ਦੀ ਲੋੜ ਨਹੀਂ, ਇਸ ਲਈਬਦਲਵੇਂ ਦਸਤਾਵੇਜ਼ਾਂ ਨੂੰ ਮੰਨਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਲਾਂਘਾ ਪਾਰ ਕਰ ਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਜਾਂਦੇ ਸ਼ਰਧਾਲੂਆਂ ਦੀ ਗਿਣਤੀ ਘੱਟ ਹੋਣ ਦਾ ਮਤਲਬ ਇਹ ਨਹੀਂ ਕਿ ਲੋਕਾਂ ਵਿਚ ਦਿਲਚਸਪੀ ਨਹੀਂ, ਸਗੋਂ ਪਾਸਪੋਰਟ ਅਤੇ 20 ਡਾਲਰ ਦੀ ਫੀਸ ਦੀਆਂ ਦੋ ਸ਼ਰਤਾਂ ਵੱਡਾ ਕਾਰਨ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਟਵੀਟ ਕੀਤਾ ਸੀ ਕਿ ਲਾਂਘੇ ਰਾਹੀਂ ਆਏ ਸ਼ਰਧਾਲੂਆਂ ਨੂੰ ਪਾਸਪੋਰਟ ਦੀ ਲੋੜ ਨਹੀਂ ਹੋਵੇਗੀ, ਪਰ ਇਹ ਫ਼ੈਸਲਾ ਰਸਮੀ ਤੌਰ ਉੱਤੇਲਾਗੂ ਨਹੀਂਹੋਇਆ। ਉਨ੍ਹਾਂ ਨੇ ਇਮਰਾਨ ਖ਼ਾਨ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਕਿ ਲਾਂਘੇ ਰਾਹੀਂ ਜਾਂਦੇ ਲੋਕਾਂ ਲਈ ਪਾਸਪੋਰਟ ਦੀ ਸ਼ਰਤ ਬਾਰੇ ਸਮਝੌਤੇ ਵਿਚ ਸੋਧ ਕਰ ਕੇ ਹੱਲ ਕੱਢਿਆ ਜਾਵੇ, ਕਿਉਂਕਿ ਜੇ ਸ਼ਰਧਾਲੂ ਕਰਤਾਰਪੁਰ ਲਾਂਘਾ ਪਾਰ ਕਰ ਕੇ ਦਰਸ਼ਨ ਨਾ ਸਕੇ ਤਾਂ ਦੋਵਾਂ ਸਰਕਾਰਾਂ ਦੇ ਸਾਂਝੇ ਯਤਨ ਨਾਲ ਅਮਲ ਵਿਚ ਆਏ ਇਸ ਵਿਲੱਖਣ ਲਾਂਘੇ ਦਾ ਮੰਤਵ ਧੁੰਦਲਾ ਹੋ ਜਾਵੇਗਾ।

ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ, 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਉਸ ਦੇ ਸਿਆਸੀ ਆਕਾ ਅਕਾਲੀ ਦਲ ਅਤੇ ਖ਼ਾਸ ਕਰਕੇ ਬਾਦਲ ਪਰਿਵਾਰ ਇਸ ਵਕਤ ਸਿੱਖ ਭਾਈਚਾਰੇ ਲਈ ਮਾਇਆ ਦਾ ਕੁਝ ਯੋਗਦਾਨ ਕਿਉਂ ਨਹੀਂ ਪਾ ਸਕਦੇ।' ਉਨ੍ਹਾਂ ਕਿਹਾ ਕਿ ਸਿੱਖਾਂ ਦੇ ਰਾਖੇ ਹੋਣ ਦੇ ਦਾਅਵੇ ਕਰਨ ਵਾਲੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਦੀ ਪਤਨੀ ਹਰਸਿਮਰਤ ਕੌਰ ਬਾਦਲ ਦੇ ਕੰਟਰੋਲ ਹੇਠ ਸ਼੍ਰੋਮਣੀ ਕਮੇਟੀ ਹੈ, ਉਹ ਇਸ ਕਮੇਟੀ ਨੂੰ ਘੱਟੋ-ਘੱਟ ਇਹ ਕਹਿ ਸਕਦੇ ਹਨ ਕਿ ਕਰਤਾਰਪੁਰ ਲਾਂਘੇ ਤੋਂ ਗੁਰਦੁਆਰਾ ਸਾਹਿਬ ਦੇ ਦਰਸ਼ਨ ਨੂੰ ਜਾਣਾ ਚਾਹੁੰਦੇ ਗਰੀਬ ਸ਼ਰਧਾਲੂਆਂ ਦੀ ਮਦਦ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਸਿੱਖਾਂ ਦੀ ਧਾਰਮਿਕ ਸੰਸਥਾ ਹੋਣ ਕਾਰਨ ਇਹ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦੀ ਚਿਰੋਕਣੀ ਪੂਰਾ ਕਰਨਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਵੱਖਰੀ ਸਟੇਜ ਦੀ ਵੱਡੀ ਰਕਮ ਖ਼ਰਚ ਕਰਨਾ ਸਿੱਧ ਕਰਦਾ ਹੈ ਕਿ ਇਹ ਸੰਸਥਾ ਸ਼ਰਧਾਲੂਆਂ ਦੀ ਫੀਸ ਦਾ ਬੋਝ ਸੌਖੇ ਹੀ ਸਹਾਰ ਸਕਦੀ ਹੈ।

# ਪੰਜਾਬ ਸਰਕਾਰ ਵੱਲੋਂ ਐਲਾਨ: ਇੱਕ ਦਸੰਬਰ ਤੋਂ ਪੰਜਾਬ ਵਿੱਚ ਵਿਸ਼ਵ ਕਬੱਡੀ ਕੱਪ ਕਰਵਾਇਆ ਜਾਵੇਗਾ



ਚੰਡੀਗੜ੍ਹ, 13 ਨਵੰਬਰ, (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਵ ਕਬੱਡੀ ਕੱਪ ਪਹਿਲੀ ਦਸੰਬਰ ਤੋਂ 10 ਦਸੰਬਰ ਤੱਕ ਕਰਵਾਉਣ ਦਾ ਐਲਾਨ ਕੀਤਾ ਹੈ। ਇਹ ਐਲਾਨ ਅੱਜ ਪੰਜਾਬ ਦੇ ਖੇਡ ਮੰਤਰੀ ਨੇ ਪੰਜਾਬ ਭਵਨ ਵਿਖੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਅਤੇ ਖੇਡ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਦੌਰਾਨ ਕੀਤਾ ਅਤੇ ਜ਼ਰੂਰੀ ਦਿਸ਼ਾ-ਨਿਰਦੇਸ਼ ਦਿੱਤੇ।

ਇਸ ਬਾਰੇ ਖੇਡ ਮੰਤਰੀ ਨੇ ਕਿਹਾ ਕਿ ਇਸ ਵਿਸ਼ਵ ਕਬੱਡੀ ਕੱਪ ਦਾ ਉਦਘਾਟਨ ਪਹਿਲੀ ਦਸੰਬਰ ਨੂੰ ਗੁਰੂ ਨਾਨਕ ਸਟੇਡੀਅਮ ਸੁਲਤਾਨਪੁਰ ਲੋਧੀ ਵਿਖੇ ਹੋਵੇਗਾ ਤੇ ਇਸ ਦਿਨ ਚਾਰ ਕਬੱਡੀ ਮੈਚ ਹੋਣਗੇ। ਟੂਰਨਾਮੈਂਟ ਦਾ ਸਮਾਪਨ ਸਮਾਰੋਹ ਸ਼ਹੀਦ ਭਗਤ ਸਿੰਘ ਸਪੋਰਟਸ ਸਟੇਡੀਅਮ ਡੇਰਾ ਬਾਬਾ ਨਾਨਕ ਵਿਖੇ ਹੋਵੇਗਾ ਅਤੇ ਇਸ ਦਿਨ ਫਾਈਨਲ ਦੇ ਨਾਲਤੀਜੇ ਅਤੇ ਚੌਥੇ ਨੰਬਰ ਲਈ ਮੈਚਹੋਵੇਗਾ। ਦੋ ਮੈਚ ਗੁਰੂ ਨਾਨਕ ਸਟੇਡੀਅਮ ਅੰਮ੍ਰਿਤਸਰ, ਦੋ ਸ਼ਹੀਦ ਭਗਤ ਸਿੰਘ ਸਟੇਡੀਅਮ ਫਿਰੋਜ਼ਪੁਰ, ਦੋ ਸਪੋਰਟਸ ਸਟੇਡੀਅਮ ਬਠਿੰਡਾ, ਦੋ ਸਪੋਰਟਸ ਸਟੇਡੀਅਮ ਵਾਈ ਪੀ ਐਸ ਪਟਿਆਲਾ ਤੇ ਸੈਮੀ ਫਾਈਨਲ ਚਰਨ ਗੰਗਾ ਸਪੋਰਟਸ ਸਟੇਡੀਅਮ ਆਨੰਦਪੁਰ ਸਾਹਿਬ ਵਿਖੇ ਹੋਣਗੇ।

ਪਤਾ ਲੱਗਾ ਹੈ ਕਿ ਇਸ ਟੂਰਨਾਮੈਂਟ ਵਿਚ ਭਾਰਤ, ਅਮਰੀਕਾ, ਆਸਟਰੇਲੀਆ, ਇੰਗਲੈਂਡ, ਸ੍ਰੀਲੰਕਾ, ਕੀਨੀਆ, ਨਿਊਜ਼ੀਲੈਂਡ, ਪਾਕਿਸਤਾਨ ਤੇ ਕੈਨੇਡਾ ਦੀਆਂ9 ਟੀਮਾਂ ਹਿੱਸਾ ਲੈਣਗੀਆਂ। ਪਾਕਿਸਤਾਨ ਤੇ ਕੈਨੇਡਾ ਤੋਂ ਬਿਨਾਂ ਸਾਰੀਆਂ ਟੀਮਾਂ ਨੂੰ ਭਾਰਤ ਸਰਕਾਰ ਵੱਲੋਂ ਐਨ ਓ ਸੀ ਮਿਲ ਗਿਆ ਹੈ ਅਤੇ ਇਨ੍ਹਾਂ ਦੋ ਦੇਸ਼ਾਂ ਲਈ ਉਡੀਕ ਕੀਤੀ ਜਾ ਰਹੀ ਹੈ।

# ਡੋਨਾਲਡ ਟਰੰਪ ਨੇ ਭਾਰਤ ਕੋਲੋਂ ਕੂੜੇ ਦਾ ਖਰਚਾ ਮੰਗ ਲਿਆ



ਨਿਊਯਾਰਕ, 13 ਨਵੰਬਰ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਉਦਯੋਗਿਕ ਕੂੜੇ ਦੀ ਸੰਭਾਲ ਬਾਰੇ ਭਾਰਤ, ਚੀਨ ਤੇ ਰੂਸ ਉੱਤੇ ਨਿਸ਼ਾਨਾ ਵਿੰਨ੍ਹਿਆ ਹੈ। ਉਨ੍ਹਾਂ ਕਿਹਾ ਕਿ ਚੀਨ, ਭਾਰਤ ਤੇ ਰੂਸ ਵਰਗੇ ਦੇਸ਼ ਆਪਣੀਆਂ ਚਿਮਨੀਆਂ ਅਤੇ ਉਦਯੋਗਿਕ ਪਲਾਂਟ ਦੀ ਸਫਾਈ ਉੱਤੇ ਕੁਝ ਨਹੀਂ ਕਰਦੇ ਅਤੇ ਜੋ ਕੂੜਾ ਉਹ ਸਮੁੰਦਰ ਵਿੱਚ ਸੁੱਟਦੇ ਹਨ, ਉਹ ਤਰ ਕੇ ਲਾਸ ਏਂਜਲਸ ਤੱਕ ਪੁੱਜਦਾ ਹੈ। ਸਾਡੇ ਕੋਲ ਬਹੁਤ ਘੱਟ ਜ਼ਮੀਨ ਹੈ ਤੇ ਜੇ ਤੁਸੀਂ ਚੀਨ, ਭਾਰਤ, ਰੂਸ ਤੇ ਹੋਰ ਦੇਸ਼ਾਂ ਨਾਲ ਤੁਲਨਾ ਕਰੋ ਤਾਂ ਉਨ੍ਹਾਂ ਨੇ ਆਪਣੀਆਂ ਚਿਮਨੀਆਂ ਤੇ ਉਦਯੋਗਿਕ ਪਲਾਂਟ ਸਾਫ ਕਰਨ ਲਈ ਕੁਝ ਨਹੀਂ ਕੀਤਾ ਤੇ ਜੋ ਕੂੜਾ ਉਹ ਸਮੁੰਦਰ ਵਿੱਚ ਸੁੱਟਦੇ ਹਨ, ਉਹ ਲਾਸ ਏਂਜਲਸ ਤੱਕ ਆ ਰਿਹਾ ਹੈ।

ਡੋਨਾਲਡ ਟਰੰਪ ਨੇ ਕੱਲ੍ਹ ਏਥੇ ਇਕਨਾਮਿਕ ਕਲੱਬ ਵਿੱਚ ਕਿਹਾ ਕਿ ਇਸ ਲਈ ਮੈਂ ਜਲਵਾਯੂ ਬਾਰੇ ਕਾਫੀ ਸੋਚਦਾ ਹਾਂ। ਮੈਂ ਧਰਤੀ ਉੱਤੇ ਸਵੱਛ ਹਵਾ ਚਾਹੁੰਦਾ ਹਾਂ, ਮੇਰੇ ਕੋਲ ਸਵੱਛ ਹਵਾ ਤੇ ਪਾਣੀ ਚਾਹੀਦਾ ਹੈ। ਟਰੰਪ ਨੇ ਉਥੇ ਮੌਜੂਦ ਲੋਕਾਂ ਨੂੰ ਕਿਹਾ ਕਿ ਅਮਰੀਕਾ ਨੇ ਇਕ ਪਾਸੜ ਤੇ ਡਰਾਉਣੇ ਪੈਰਿਸ ਕਲਾਈਮੇਟ ਸਮਝੌਤੇ ਤੋਂ ਖੁਦ ਨੂੰ ਵੱਖ ਕਰ ਲਿਆ ਹੈ, ਜਿਸ ਨੇ ਅਮਰੀਕੀ ਨੌਕਰੀਆਂ ਬਰਬਾਦ ਕੀਤੀਆਂਤੇ ਵਿਦੇਸ਼ ਪ੍ਰਦੂਸ਼ਕਾਂ ਨੂੰ ਬਚਾਇਆ ਹੈ। ਉਨ੍ਹਾਂ ਕਿਹਾ ਕਿ ਪੈਰਿਸ ਕਲਾਈਮੇਟ ਐਗਰੀਮੈਂਟ ਅਮਰੀਕਾ ਲਈ ਖਤਰਨਾਕ ਸੀ, ਇਸ ਨਾਲ ਅਮਰੀਕਾ ਨੂੰ ਕਈ ਟ੍ਰਿਲੀਅਨ ਡਾਲਰ ਨੁਕਸਾਨ ਹੁੰਦਾ ਹੈ, ਇਹ ਬੇਹੱਦ ਗਲਤ ਹੈ ਐ ਇਹ ਚੀਨ ਨੂੰ 2030 ਤੱਕ ਨਹੀਂ ਤੋੜੇਗਾ। ਟਰੰਪ ਨੇ ਕਿਹਾ ਕਿ ਮੈਂ 90 ਦੇ ਦਹਾਕੇ ਬਾਰੇ ਸੋਚਦਾ ਹਾਂ, ਜਦੋਂ ਦੁਨੀਆ ਵਿਚ ਸਭ ਤੋਂਵੱਧ ਪ੍ਰਦੂਸ਼ਤ ਸਾਲ ਸਨ। ਭਾਰਤ ਨੂੰ ਸਾਨੂੰ ਪੈਸੇ ਦੇਣਗੇ ਹੋਣਗੇ, ਕਿਉਂਕਿ ਉਹ ਵਿਕਾਸਸ਼ੀਲ ਦੇਸ਼ ਹੈ। ਮੈਂ ਕਹਿੰਦਾ ਹਾਂ, ਸਾਡਾ ਵੀ ਇਕ ਵਿਕਾਸਸ਼ੀਲ ਦੇਸ਼ ਹੈ।

# ਮਨਰੇਗਾ ਸਕੀਮ ਘੋਟਾਲਾ : ਕਰੋੜਾਂ ਦੀ ਹੇਰਾਫੇਰੀ ਦੇ ਦੋਸ਼ ਹੇਠ 5 ਅਫਸਰਾਂ ਦੀ ਬਰਖਾਸਤਗੀ ਦੇ ਹੁਕਮ ਜਾਰੀ



ਚੰਡੀਗੜ੍ਹ, 13 ਨਵੰਬਰ, (ਪੋਸਟ ਬਿਊਰੋ)- ਪੰਜਾਬ ਦੇ ਪੇਂਡੂ ਵਿਕਾਸ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਅੱਜ ਮਹਾਤਮਾ ਗਾਂਧੀ ਕੌਮੀ ਪੇਂਡੂ ਰੋਜ਼ਗਾਰ ਗਾਰੰਟੀ ਯੋਜਨਾ (ਮਨਰੇਗਾ) ਵਿੱਚ 2 ਕਰੋੜ 59 ਲੱਖ ਰੁਪਏ ਦੇ ਕਰੀਬ ਘਪਲਾ ਕਰਨ ਦੇ ਦੋਸ਼ ਵਿੱਚ ਫਰੀਦਕੋਟ, ਮੁਕਤਸਰ ਸਾਹਿਬ ਅਤੇ ਫਿਰੋਜ਼ਪੁਰ ਜ਼ਿਲੇ ਦੇ ਪੰਜ ਅਧਿਕਾਰੀਆਂ ਨੂੰ ਤੁਰੰਤ ਬਰਖਾਸਤ ਕਰਨ ਅਤੇ ਇਕ ਕਰਮਚਾਰੀ ਉੱਤੇ ਪੁਲਸ ਕੇਸ ਦਰਜ ਕਰਵਾਉਣ ਦੇ ਹੁਕਮ ਦਿੱਤੇ ਹਨ।

ਇਸ ਸੰਬੰਧ ਵਿੱਚ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਵਿਭਾਗੀ ਪੜਤਾਲ ਵਿੱਚ ਬਲਾਕ ਫਰੀਦਕੋਟ ਦੇ ਸਹਾਇਕ ਪ੍ਰੋਜੈਕਟ ਅਫ਼ਸਰ ਯਾਦਵਿੰਦਰ ਸਿੰਘ, ਬਲਾਕ ਗਿੱਦੜਬਾਹਾ ਦੇ ਸਹਾਇਕ ਪ੍ਰੋਜੈਕਟ ਅਫ਼ਸਰ ਹਰਪ੍ਰੀਤ ਸਿੰਘ, ਬਲਾਕ ਗੁਰੂਹਰਸਹਾਏ ਦੇ ਸਹਾਇਕ ਪ੍ਰੋਜੈਕਟ ਅਫ਼ਸਰ ਦਲੀਪ ਕੁਮਾਰ, ਬਲਾਕ ਫਿਰੋਜ਼ਪੁਰ ਦੇ ਸਹਾਇਕ ਪ੍ਰੋਜੈਕਟ ਅਫਸਰ ਰਜਨੀ ਸ਼ਰਮਾ ਤੇ ਮੀਨਾ ਸ਼ਰਮਾ ਅਤੇ ਬਲਾਕ ਘੱਲ ਖੁਰਦ ਦੇ ਸਹਾਇਕ ਪ੍ਰੋਜੈਕਟ ਅਫਸਰ ਚਰਨਜੀਤ ਸਿੰਘ ਵਲੋਂ ਇਸ ਸਕੀਮ ਹੇਠ ਵਰਤੇ ਜਾਂਦੇ ਮਟੀਰੀਅਲ ਲਈ 2 ਕਰੋੜ 59 ਲੱਖ ਰੁਪਏ ਦੀ ਜਾਅਲੀ ਅਦਾਇਗੀ ਕਰਨ ਦਾ ਭੇਦ ਖੁੱਲ੍ਹਾ ਹੈ।ਇਨ੍ਹਾਂ ਵਿੱਚੋਂ ਪਹਿਲਾਂ ਅਸਤੀਫ਼ਾ ਦੇ ਗਏ ਬਲਾਕ ਫਰੀਦਕੋਟ ਦੇ ਸਹਾਇਕ ਪ੍ਰੋਜੈਕਟ ਅਫਸਰ ਯਾਦਵਿੰਦਰ ਸਿੰਘ ਵਿਰੁੱਧ ਪੁਲਸ ਕੇਸ ਦਰਜ ਕਰਾਉਣ ਤੇ ਬਾਕੀਆਂ ਨੂੰ ਬਰਖਾਸਤ ਕਰਨ ਦੇ ਹੁਕਮ ਹੋਏ ਹਨ। ਬਾਜਵਾ ਨੇ ਹੁਕਮ ਜਾਰੀ ਕਰਦਿਆਂ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੂੰ ਕਿਹਾ ਕਿ ਪੰਜਾਬ ਦੇ ਹਰ ਬਲਾਕ ਵਿੱਚ ਇਹ ਸਕੀਮ ਲਾਗੂ ਕਰਨ ਦੀ ਜਾਂਚ ਕਰਾਈ ਜਾਵੇ ਅਤੇ ਇਸ ਸਕੀਮ ਦਾ ਇਕ-ਇਕ ਪੈਸਾ ਸਹੀ ਜਗ੍ਹਾ ਉੱਤੇ ਖਰਚ ਹੋਣਾ ਯਕੀਨੀ ਕੀਤਾ ਜਾਵੇ।

# ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ 'ਮਹਾਦੋਸ਼ ਜਾਂਚ' ਦੀ ਜਨਤਕ ਸੁਣਵਾਈ ਸ਼ੁਰੂ

ਵਾਸ਼ਿੰਗਟਨ, 13 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਿਲਾਫ ਮਹਾਦੋਸ਼ ਲਾਉਣ ਦੇ ਸੰਬੰਧ ਵਿੱਚ ਜਾਂਚ ਨਾਲ ਜੁੜਦੀ ਪਹਿਲੀ ਜਨਤਕ ਸੁਣਵਾਈ ਅੱਜ ਬੁੱਧਵਾਰ ਵਾਸ਼ਿੰਗਟਨ ਵਿੱਚ ਸ਼ੁਰੂ ਹੋ ਗਈ ਹੈ। ਇਸ ਦਾ ਮੁੱਖ ਮੁੱਦਾ ਅਮਰੀਕੀ ਰਾਸ਼ਟਰਪਤੀ ਉੱਤੇਇਹ ਦੋਸ਼ ਹੈ ਕਿ ਉਨ੍ਹਾਂ ਨੇ ਆਪਣੇ ਸਿਆਸੀ ਵਿਰੋਧੀ ਤੇ ਰਿਪਬਕਿਨ ਆਗੂ ਜੋਅ ਬਿਡੇਨ ਤੇ ਉਨ੍ਹਾਂ ਦੇ ਪੁੱਤਰ ਦੇਖਿਲਾਫ ਭ੍ਰਿਸ਼ਟਾਚਾਰ ਦੇ ਦੋਸ਼ਾਂ ਦੀ ਜਾਂਚ ਸ਼ੁਰੂ ਕਰਾਉਣ ਲਈ ਯੂਕ੍ਰੇਨਦੇ ਰਾਸ਼ਟਰਪਤੀ ਉੱਤੇ ਦਬਾਅ ਪਾਇਆ ਸੀ। ਡੋਨਾਲਡ ਟਰੰਪ ਇਸ ਦੋਸ਼ ਤੋਂ ਇਨਕਾਰ ਕਰਦੇ ਹਨ।

ਟੈਲੀਵਿਜ਼ਨ ਕੈਮਰੇ ਸਾਹਮਣੇ ਹੋ ਰਹੀ ਇਸ ਸੁਣਵਾਈ ਦੀ ਸ਼ੁਰੂਆਤ ਅੱਜ ਦੇਸ਼ ਦੀ ਪ੍ਰਤੀਨਿਧ ਸਭਾ ਦੀ ਖ਼ੁਫ਼ੀਆ ਮਾਮਲਿਆਂ ਦੀ ਪਾਰਲੀਮੈਂਟਰੀ ਕਮੇਟੀ ਦੇ ਮੁਖੀ ਐਡਮ ਸਕਿੱਫ ਨੇ ਕੀਤੀ।ਉਨ੍ਹਾਂ ਨੇ ਡੋਨਲਡ ਟਰੰਪ ਉੱਤੇ ਨਿੱਜੀ ਹਿੱਤਾਂਤੇ ਸਿਆਸੀ ਹਿੱਤਾਂ ਲਈ ਅਮਰੀਕਾ ਦੀ ਵਿਦੇਸ਼ ਨੀਤੀ ਦੀ ਦੁਰਵਰਤੋਂ ਦੇ ਦੋਸ਼ਾਂ ਉੱਤੇ ਯੂਕਰੇਨ ਵਿਚ ਅਮਰੀਕਾ ਦੇ ਰਾਜਦੂਤ ਵਿਲੀਅਮ ਟੇਲਰ ਅਤੇ ਉਥੇ ਤਾਇਨਾਤ ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਜਾਰਜ ਕੇਂਟ ਤੋਂ ਸਵਾਲ ਪੁੱਛੇ। ਟੇਲਰ ਨੇ ਦੱਸਿਆ ਕਿ ਉਨ੍ਹਾਂ ਹੇਠਲੇ ਅਧਿਕਾਰੀ ਨੇ ਟਰੰਪ ਦਾ ਫੋਨ ਸੁਣਿਆ ਸੀ, ਜਿਸ ਵਿਚ ਟਰੰਪ ਅਮਰੀਕਾ ਦੇ ਸਾਬਕਾ ਉਪ ਰਾਸ਼ਟਰਪਤੀ ਜੋ ਬਿਡੇਨ ਦੇ ਖ਼ਿਲਾਫ਼ ਜਾਂਚ ਦੇ ਬਾਰੇ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੈਲੇਂਸਕੀ ਨਾਲ ਗੱਲ ਕਰ ਰਹੇ ਸਨ।

ਅਮਰੀਕਾ ਵਿਚਤੇ ਉਸ ਦੇ ਬਾਹਰ ਕਰੋੜਾਂ ਲੋਕਾਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਖਿਲਾਫ ਜਨਤਕ ਸੁਣਵਾਈ ਦਾ ਲਾਈਵ ਪ੍ਰਸਾਰਨਹੁੰਦਾ ਦੇਖਿਆ ਹੈ। ਇਸ ਦੇਸ਼ ਦੇ ਇਤਿਹਾਸ ਵਿਚਕਿਸੇ ਰਾਸ਼ਟਰਪਤੀ ਉੱਤੇ ਦੋਸ਼ ਦੀ ਏਦਾਂ ਲਾਈਵ ਸੁਣਵਾਈ ਪਹਿਲੀ ਵਾਰ ਹੋ ਰਹੀ ਹੈ। ਡੋਨਾਲਡ ਟਰੰਪ ਨੇ ਮਹਾਦੋਸ਼ ਦੀ ਪ੍ਰਕਿਰਿਆ ਨੂੰ ਰੱਦ ਕੀਤਾ ਅਤੇ ਇਸ ਨੂੰ ਸਿਆਸੀ ਬਦਲੇ ਦੀ ਕਾਰਵਾਈ ਆਖਿਆ ਹੈ। ਇਸ ਤੋਂ ਪਹਿਲਾਂ 1868 ਵਿੱਚਅਮਰੀਕਾ ਦੇਉਸ ਵੇਲੇ ਦੇ ਰਾਸ਼ਟਰਪਤੀ ਐਂਡਰਿਊ ਜੌਨਸਨ, ਸਾਲ 1974 ਵਿੱਚ ਰਿਚਰਡ ਨਿਕਸਨ ਅਤੇ 1998 ਵਿੱਚ ਬਿਲ ਕਲਿੰਟਨ ਉੱਤੇ ਮਹਾਦੋਸ਼ ਵਾਸਤੇ ਕੇਸ ਚੱਲਿਆ ਸੀ। ਤਾਜ਼ਾ ਕੇਸ 25 ਜੁਲਾਈ ਨੂੰ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੈਲੇਂਸਕੀ ਨੂੰ ਡੋਨਾਲਡ ਟਰੰਪ ਵੱਲੋਂ ਕੀਤੇ ਫੋਨ ਤੋਂ ਪੈਦਾ ਹੋਇਆ ਹੈ। ਟਰੰਪ ਉੱਤੇ ਦੋਸ਼ ਹੈ ਕਿ ਇਸ ਫੋਨ ਕਾਲ ਵਿਚ ਰੂਸ ਦੇ ਖ਼ਿਲਾਫ਼ ਯੂਕਰੇਨ ਨੂੰ ਮਜ਼ਬੂਤ ਕਰਨ ਲਈ 2015 ਵਿਚ ਉਸ ਨੂੰ ਦਿੱਤੀ ਗਈ ਅਮਰੀਕੀ ਫ਼ੌਜੀ ਮਦਦ ਵਿੱਚ ਗੜਬੜ ਦੀ ਜਾਂਚ ਕਰਾਉਣ ਨੂੰ ਕਿਹਾ ਗਿਆ ਹੈ। ਉਸ ਸਮੇਂ ਅਮਰੀਕਾ ਦੇ ਉਪ ਰਾਸ਼ਟਰਪਤੀ ਜੋ ਬਿਡੇਨ ਸਨ, ਜਿਨ੍ਹਾਂ ਉੱਤੇਇਸ ਮਦਦ ਵਿਚ ਗੜਬੜ ਕਰਨ ਦੇ ਦੋਸ਼ ਲੱਗੇ ਸਨ। ਮੰਨਿਆ ਜਾਂਦਾ ਹੈ ਕਿ 2020 ਦੀਆਂ ਰਾਸ਼ਟਰਪਤੀ ਚੋਣਾਂ ਵਿਚ ਜੋ ਬਿਡੇਨ ਡੈਮੋਕ੍ਰੇਟਿਕ ਪਾਰਟੀ ਵੱਲੋਂਡੋਨਾਲਡ ਟਰੰਪ ਦੇ ਖ਼ਿਲਾਫ ਇੱਕ ਤਕੜੇ ਉਮੀਦਵਾਰ ਹੋ ਸਕਦੇ ਅਤੇ ਸਖ਼ਤ ਚੁਣੌਤੀ ਪੇਸ਼ ਕਰ ਸਕਦੇ ਹਨ।

ਫੋਨ ਕਾਲ ਨਾਲ ਸਬੰਧਤ ਇਕ ਖ਼ੁਫ਼ੀਆ ਅਧਿਕਾਰੀ ਨੇ ਵ੍ਹਿਸਲ ਬਲੋਅਰ ਵਜੋਂ ਇਸਦਾ ਭੇਦ ਖੋਲ੍ਹਿਆ ਤਾਂ ਇਸ ਤੋਂ ਬਾਅਦ ਰਾਸ਼ਟਰਪਤੀ ਦਫਤਰ ਨੇ ਇਸ ਗੱਲਬਾਤ ਦਾ ਲਿਖਤੀ ਸਾਰਪੇਸ਼ ਕਰ ਕੇਦੋਸ਼ ਰੱਦ ਕਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਤੋਂ ਬਾਅਦ ਦੋਸ਼ ਕੁਝ ਠੋਸ ਗੱਲਾਂ ਦੇਖ ਕੇ ਪ੍ਰਤੀਨਿਧ ਸਭਾ ਦੀ ਚੇਅਰਪਰਸਨ ਨੈਂਸੀ ਪੇਲੋਸੀ ਨੇ ਕੇਸ ਦੀ ਜਾਂਚ ਸ਼ੁਰੂ ਕਰਵਾ ਦਿੱਤੀ। ਵ੍ਹਿਸਲ ਬਲੋਅਰ ਦੀ ਇਸ ਸ਼ਿਕਾਇਤ ਉੱਤੇ ਜਾਂਚ ਨੂੰ ਰਾਸ਼ਟਰਪਤੀ ਦਫ਼ਤਰ ਨੇ ਇਹ ਕਹਿ ਕੇ ਰੋਕਣ ਦੀ ਕੋਸ਼ਿਸ਼ ਕੀਤੀ ਕਿ ਜਾਂਚ ਵਿਚ ਅਧਿਕਾਰੀਆਂ ਦੇ ਬਿਆਨ ਦਰਜ ਨਹੀਂ ਕੀਤੇ ਜਾ ਸਕਦੇ ਅਤੇ ਅਧਿਕਾਰੀਆਂ ਨੂੰ ਜਾਂਚ ਵਿਚ ਸ਼ਾਮਲ ਨਾ ਹੋਣ ਦਾ ਆਦੇਸ਼ ਦੇ ਦਿੱਤਾ ਗਿਆ, ਪਰ ਸਤੰਬਰ ਤੇ ਅਕਤੂਬਰ ਵਿਚ ਇਕ-ਇਕ ਕਰ ਕੇ ਕਈ ਅਧਿਕਾਰੀਆਂ ਨੇ ਪਾਰਲੀਮੈਂਟਰੀ ਜਾਂਚ ਟੀਮ ਸਾਹਮਣੇ ਪੇਸ਼ ਹੋ ਕੇ ਬੰਦ ਕਮਰੇ ਵਿਚ ਬਿਆਨ ਦੇ ਦਿੱਤੇ। ਪ੍ਰਤੀਨਿਧ ਸਭਾ ਦੇ ਇਨ੍ਹਾਂ ਮੈਂਬਰਾਂ ਸਾਹਮਣੇ ਪੇਸ਼ ਹੋਏ ਸਭ ਤੋਂ ਪਹਿਲਾਂ ਗਵਾਹਾਂ ਵਿੱਚਸੀਨੀਅਰ ਡਿਪਲੋਮੈਟ ਬਿਲ ਟੇਲਰ ਤੇ ਜਾਰਜ ਕੈਂਟ ਵੀਸਨ। ਜਾਰਜ ਕੈਂਟ ਅਮਰੀਕਾ ਦੀ ਯੂਕ੍ਰੇਨ ਨੀਤੀ ਦੇ ਮੁਖੀ ਹਨ।ਉਨ੍ਹਾਂ ਨੇ ਟਰੰਪ ਦੇ ਵਕੀਲ ਰੂਡੀ ਜੁਲੀਆਨੀ ਉੱਤੇ ਯੂਕ੍ਰੇਨ ਵਿੱਚ ਮੌਜੂਦ ਅਮਰੀਕੀ ਡਿਪਲੋਮੈਟਾਂ ਨੂੰ ਬਦਨਾਮ ਕਰਨ ਦਾ ਦੋਸ਼ ਲਾਇਆ ਤੇ ਕਿਹਾ ਕਿ ਜੂਲੀਆਨੀ ਦੇ ਇਨ੍ਹਾਂ ਹਮਲਿਆਂ ਨੇ ਅਮਰੀਕਾ ਤੇ ਯੂਕ੍ਰੇਨ ਦੇ ਰਾਸ਼ਟਰੀ ਹਿੱਤਾਂ ਦੀ ਉਲੰਘਣਾ ਕੀਤੀ ਅਤੇ ਦੋਵਾਂ ਦੇਸ਼ਾਂ ਦੇ ਸੰਬੰਧਾਂ ਦਾ ਨੁਕਸਾਨ ਕੀਤਾ ਹੈ।

ਇਸ ਤੋਂ ਪਹਿਲਾਂ ਹਾਊਸ ਆਫ ਰਿਪ੍ਰੈਜੇਂਟੇਟਿਵਜ਼ ਦੇ ਚੇਅਰਮੈਨ ਐਡਮ ਸ਼ਿਫ ਨੇ ਕਿਹਾ ਕਿ ਜਾਂਚ ਦਾ ਵਿਸ਼ਾ ਇਹ ਹੈ ਕਿ ਕੀ ਅਮਰੀਕੀ ਰਾਸ਼ਟਰਪਤੀ ਨੇ ਯੂਕ੍ਰੇਨ ਦੀ ਕਮਜ਼ੋਰੀ ਦਾ ਲਾਭ ਉਠਾ ਕੇ ਉਸ ਨੂੰ ਅਮਰੀਕੀ ਚੋਣਾਂ ਵਿੱਚ ਦਖਲ ਦੇਣ ਦਾ ਸੱਦਾ ਦਿੱਤਾ ਹੈ। ਇਸ ਮਹਾਦੋਸ਼ ਦੇ ਨਤੀਜਿਆਂ ਵਜੋਂ ਅਮਰੀਕੀ ਰਾਸ਼ਟਰਪਤੀ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ, ਪਰ ਇਹ ਉਦੋਂ ਹੀ ਹੋਵੇਗਾ, ਜਦੋਂ ਹਾਊਸ ਆਫ ਰਿਪ੍ਰੈਜੇਂਟੇਟਿਵਜ਼ ਉਨ੍ਹਾਂ ਉੱਤੇ ਮਹਾਦੋਸ਼ ਲਾਵੇ ਤੇ ਸੈਨੇਟ ਉਸ ਨੂੰ ਮਨਜ਼ੂਰੀ ਦੇਵੇਗੀ। ਅਮਰੀਕਾ ਦੇ ਇਤਿਹਾਸ ਵਿੱਚ ਚੌਥੀ ਵਾਰ ਮਹਾਦੋਸ਼ ਦੀ ਸੁਣਵਾਈ ਹੋ ਰਹੀ ਹੈ।








Paramjit Deol CELL: 416-993-7378
Broker 7071 Airport Rd, Suit 201, Mississauga, ON

1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

**South Dundas $299,000** — 23 Plaza Dr: Commercial Unit For Sale, Former Bmo Bank For Past 50 Years. Approx. 4500 Sq Ft, Freehold Unit Which Means No Condo Fees. Many Uses Available, Great Investment Opportunity, Located In A Huge Plaza With Great Anchor Tenants, Such As Lcbo, Rbc Bank, Circle K, Foodland & More.

**COBOURG $349,000** — Durham/King : 3 Bedroom Semi In The Heart Of Downtown Cobourg, Very Close To The Lake And Downtown. Clean Property With Private Driveway And Nice Size Backyard. Move In Ready.

**MISSISSAUGA $399,000** — Photo Not Available — 777 Dundas St W: Well Established Franchise Opportunity For Automotive Business In Mississauga, 10 Years At Same Location, Sales Are 1.2M Per Year, Great Net Profits, 5 Bays,6 Hoist,, Long Term Lease, Upto 25 Car Parking, Ideal For Car Sales.

**SHELBURNE $399,999** — Centre/Jelly: This Beautifully Renovated Home Comes With 5 Bedrooms And 2 And 1/2 Half Bathroom. Finished Basement Come With Electric Water Heater As Well As A Gas Line That You Can Connect If You Need The Extra Heat. Laminated Flooring Throughout The House Except For The Stairs Going Up.

**TORONTO $435,000** — Kingston/Guildwood: Open Concept 2 Bedroom And 2 Bath Bright And Spacious Unit With Fabulous Floor To Ceiling Windows, Convenient Ensuite Laundry, Gym, Indoor Pool, Sauna, Party Room, Security. Guildwood Go Station Nearby.Steps To Conservation Area Trail.

**BRAMPTON $459,000** — 7800 Hurontario : Well Established Franchise Opportunity, Sales Of $50K P/M Galito's Chicken, Authentic South African Restaurant, Surrounded By Thousands Of Homes, Businesses & Industrial Areas, Great Exposure.High Density Traffic Flow Daily.

**BRANTFORD $499,000** — 639 Colborne St W: Land For Sale! Amazing Opportunity For Investors, 1.4 Acres Land Huge Frontage Of 321.81 Facing Colborne St W, Many Uses Allowed Some Are Veterinary Clinic, Nursery & Garden Centre, Medical Marijuana Productions Facility Car Wash, Lumber Mill, Contractor Yard.

**VAUGHAN $643,000** — Jane St & Hwy 7: Assignment Sale In Nord & West Condos, 851 Sq Ft With One Locker & One Parking. 1 Minute Walk To New Vaughan Subway Station, 5 Mins To York University.

**BRAMPTON $649,000** — Photo Not Available — Bruce Beer & Williams Pkwy: Fabulous Detach Backsplit 5 Level, Fully Renovated Top-To-Bottom. This Home Offers 3 Huge Sized Bedrooms, Fully Upgraded Kitchen, Big Size Living/Dining/Family Room. Brand New Appliances, Finished Basement, Fully Landscaped, Close To All amenities.

**BRAMPTON $655,000** — Bovaird/ Heart Lake : Beautiful Townhouse In Prestigious Golf Courses & Park Community! Modern Open Concept. Bright Spacious Model Finished Living Space, 3 Bedroom & 4 Bathroom Featuring A Master Ensuite.

**OSHAWA $659,000** — Photo Not Available — Simcoe St/Highway 407 : Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407, U Of O Durham College, Public Transit

**TORONTO $899,900** — Kennedy & Kingston: Attention Builders, Renovators & Contractors! Finish To Your Taste! Includes Full Set Of Building Plans & Approved Building Permit For Immediate Development Of A Stunning 2100 Sq Ft Home+Garage, Open Concept Main Floor W/10 Ft Ceilings, 4 Bedroom, 4 Baths.

**BRAMPTON $899,900** — Edenbrook Hill/Sandalwood Pkwy: This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble Backsplash. Finished Basement Apartments.

**Mississauga $1,995,000** — Qew And Hurontario:Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home .

**TORONTO $2,249,000** — Glencairn And Bathurst: A Custom Built 3,300 Sqft Home 4+2 Bdrms Meticulously Maintained. Steps To Ttc/Subway, All Amenities. Nestled In A Prime Pocket Of Toronto's Upper End Homes. Spacious Main Flr W/ 10 Ft Ceilings, 9 Ft Ceilings On Top Flr,

**TORONTO $3,537,500** — 2010 Kipling Ave: Coin Car Wash Built In 2009, Modern 8 Bays. Prime Location, High Traffic Area, Near Ttc & Main Major Highways. Large Lot 24,408 Sq Ft. Coin Car Wash Cash Business On Developed Land.Central Location With Neighbors.

*Canadian punjabi post assumes no responsibility for the accuracy of any information shown. Copyright Ppost 2019

# ਡੌਨ ਚੈਰੀ ਦੀ 'ਪੌਪੀ ਸਟੋਰੀ' ਦਾ ਦੂਸਰਾ ਅੱਧ ਜੋ ਉਸ ਨੇ ਨਹੀਂ ਦੱਸਿਆ

## ਜਗਦੀਸ਼ ਮਾਨ ਦਾ ਚੈਰੀ ਨੂੰ ਕਰਾਰਾ ਜੁਆਬ



ਟੋਰਾਂਟੋ, (ਡਾ. ਝੰਡ) -11 ਨਵੰਬਰ ਦੇ ਅੰਗਰੇਜ਼ੀ ਅਖ਼ਬਾਰ 'ਟੋਰਾਂਟੋ ਸੰਨ' ਵਿਚ ਡੌਨ ਚੈਰੀ ਦੀ ਕੈਨੇਡਾ ਵਿਚ ਆਏ ਇਮੀਗਰੈਂਟਾਂ ਬਾਰੇ ਇਕ ਵਿਵਾਦ-ਪੂਰਵਕ ਟਿੱਪਣੀ ਛਪੀ ਸੀ ਜਿਸ ਵਿਚ ਉਸ ਨੇ ਕਿਹਾ ਸੀ,"ਇਮੀਗਰੈਂਟ ਵਧੀਆ ਨਾਗਰਿਕ ਨਹੀਂ ਹਨ, ਉਹ 'ਰੀਮੈਂਬਰੈਂਸ-ਡੇਅ' ਤੋਂ ਪਹਿਲਾਂ ਪੌਪੀ-ਫ਼ਲਾਵਰ ਖ਼੍ਰੀਦ ਕੇ ਨਹੀਂ ਲਗਾਉਂਦੇ।" ਉਸ ਦਾ ਇਹ ਵੀ ਕਹਿਣਾ ਸੀ, "ਤੁਸੀਂ ਲੋਕ (ਇੰਮੀਗਰੈਂਟਸ) ਸਾਡੇ ਜੀਵਨ-ਢੰਗ ਨੂੰ ਪਸੰਦ ਕਰਦੇ ਹੋ, ਸਾਡੇ ਦੁੱਧ ਤੇ ਸ਼ਹਿਦ ਨੂੰ ਪਸੰਦ ਕਰਦੇ ਹੋ। ਤੁਹਾਨੂੰ ਕੁਝ ਬੱਕਸ (ਡਾਲਰ) 'ਪੌਪੀ ਫ਼ਲਾਵਰ' ਜਾਂ ਅਜਿਹੇ ਕੰਮਾਂ ਲਈ ਵੀ ਪਾਉਣੇ ਚਾਹੀਦੇ ਹਨ। ਇਨ੍ਹਾਂ ਲੋਕਾਂ (ਸ਼ਹੀਦਾਂ) ਨੇ ਤੁਹਾਡੇ ਲਈ ਆਪਣੀਆਂ ਜਾਨਾਂ ਤੁਹਾਡੇ ਇਸ ਜੀਵਨ ਲਈ ਵਾਰੀਆਂ ਜੋ ਤੁਸੀਂ ਇੱਥੇ ਕੈਨੇਡਾ ਵਿਚ ਮਾਣ ਰਹੇ ਹੋ।" ਇੱਥੇ ਇਹ ਦੱਸਣਾ ਬਣਦਾ ਹੈ ਕਿ ਉਸ ਦੀ ਇਸ ਟਿੱਪਣੀ ਉੱਪਰ ਸਖ਼ਤ ਪ੍ਰਤੀਕਰਮ ਵਜੋਂ 'ਸਪੋਰਟਸਨੈੱਟ' ਦੇ ਪ੍ਰਬੰਧਕਾਂ ਵੱਲੋਂ ਇਸ ਦੇ ਸੈੱਗਮੈਂਟ 'ਹਾਕੀ ਨਾਈਟ ਇਨ ਕੈਨੇਡਾ' ਵਿੱਚੋਂ ਉਸ ਨੂੰ ਬਾਹਰ ਕੱਢ ਦਿੱਤਾ ਗਿਆ ਹੈ।

ਡੌਨ ਚੈਰੀ ਦੀ ਇਸ ਨਸਲੀ ਕਿਸਮ ਦੀ ਟਿੱਪਣੀ ਦਾ ਗ਼ੈਰ-ਯੌਰਪੀਅਨ ਦੇਸ਼ਾਂ, ਖ਼ਾਸ ਤੌਰ 'ਤੇ ਭਾਰਤ, ਪਾਕਿਸਤਾਨ ਤੇ ਹੋਰ ਦੱਖਣੀ-ਏਸ਼ੀਆਂ ਦੇਸ਼ਾਂ ਜਿਨ੍ਹਾਂ ਤੋਂ ਬਹੁਤ ਸਾਰੇ ਲੋਕ ਇੱਥੇ ਕੈਨੇਡਾ ਵਿਚ ਇਮੀਗਰੈਂਟਸ ਵਜੋਂ ਆਏ ਹਨ, ਵੱਲੋਂ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ। 12 ਨਵੰਬਰ ਦੇ ਅੰਗਰੇਜ਼ੀ ਅਖ਼ਬਾਰ 'ਦ ਸਟਾਰ' ਵਿਚ ਇਸ ਸਬੰਧੀ ਪੱਤਰਕਾਰ ਜਗਦੀਸ਼ ਮਾਨ ਦੀ ਲੰਮੀ-ਚੌੜੀ ਰਿਪੋਰਟ ਛਪੀ ਹੈ ਜਿਸ ਵਿਚ ਉਨ੍ਹਾਂ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਡੌਨ ਚੈਰੀ ਨੇ 'ਪੌਪੀ ਸਟੋਰੀ' ਦੇ ਦੂਸਰੇ ਅੱਧ ਬਾਰੇ ਕੁਝ ਨਹੀਂ ਦੱਸਿਆ। ਉਸ ਨੂੰ ਇਸ ਦੇ ਬਾਰੇ ਵੀ ਕੁਝ ਬੋਲਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਕਈਆਂ ਲੋਕਾਂ ਵੱਲੋਂ "ਜਿੱਥੋਂ ਆਏ ਹੋ, ਉੱਥੇ ਵਾਪਸ ਜਾਓ" ਵਰਗੀਆਂ ਕੀਤੀ ਜਾਣ ਵਾਲੀਆਂ ਨਸਲੀ ਟਿੱਪਣੀਆਂ ਸ਼ੋਭਾ ਨਹੀਂ ਦਿੰਦੀਆਂ ਅਤੇ ਇਹ ਕੈਨੇਡਾ ਦੀਆਂ ਵਧੀਆ ਕਦਰਾਂ-ਕੀਮਤਾਂ ਦੇ ਉਲਟ ਹਨ।

'ਪੌਪੀ ਸਟੋਰੀ' ਦੇ ਦੂਸਰੇ ਅੱਧ ਬਾਰੇ ਇਸ ਪੱਤਰਕਾਰ ਦਾ ਕਹਿਣਾ ਹੈ,"ਕੈਨੇਡਾ ਦੇ ਇਤਿਹਾਸ ਬਾਰੇ ਛਪੀਆਂ ਪੁਸਤਕਾਂ ਵਿਚ ਦਰਜ ਹੈ ਕਿ ਪਹਿਲੀ ਵਿਸ਼ਵ ਜੰਗ ਵਿਚ ਕੈਨੇਡਾ 61,000 ਸੈਨਿਕਾਂ ਨੇ ਆਪਣੀਆਂ ਜਾਨਾਂ ਕਰੁਬਾਨ ਕੀਤੀਆਂ। ਪਰੰਤੂ, ਡੋਮੀਨੀਅਮ ਜਾਂ ਕੋਲੋਨੀਅਲ ਆਰਮੀ ਜਿਸ ਦਾ ਇਸ ਜੰਗ ਵਿਚ ਅਹਿਮ ਯੋਗਦਾਨ ਸੀ, ਵਿਚ ਕੈਨੇਡੀਅਨ ਬਹੁਤੀ ਗਿਣਤੀ ਵਿਚ ਨਹੀਂ ਸਨ ਅਤੇ ਨਾ ਹੀ ਇਸ ਵਿਚ ਆਸਟ੍ਰੇਲੀਆ, ਨਿਊਜ਼ੀਲੈਂਡ ਜਾਂ ਸਾਊਥ ਅਫ਼ਰੀਕਾ ਦੇ ਸੈਨਿਕ ਸ਼ਾਮਲ ਸਨ, ਸਗੋਂ ਇਸ ਵਿਚ ਬਹੁ-ਗਿਣਤੀ ਪੰਜਾਬੀਆਂ (ਭਾਰਤੀਆਂ) ਦੀ ਸੀ ਜਿਨ੍ਹਾਂ ਵਿਚ ਸਿੱਖ ਅਤੇ ਮੁਸਲਮਾਨ ਸ਼ਾਮਲ ਸਨ। ਭਾਰਤੀ ਫ਼ੌਜ ਨੇ ਇਸ 'ਅਲਾਈਡ ਵਾਰ' (ਸਾਂਝੀ ਜੰਗ) ਲਈ ਆਪਣੇ 1.4 ਮਿਲੀਅਨ ਫ਼ੌਜੀ ਭੇਜੇ ਗਏ ਸਨ ਜਿਨ੍ਹਾਂ ਵਿੱਚੋਂ 74,000 ਫ਼ੌਜੀਆਂ ਨੇ ਇਸ ਵਿਚ ਸ਼ਹੀਦੀਆਂ ਪਾਈਆਂ ਅਤੇ ਇਹ ਗਿਣਤੀ ਕੈਨੇਡੀਅਨ ਫ਼ੌਜ ਦੇ ਸ਼ਹੀਦੀ ਪਾਉਣ ਨਾਲੋਂ ਵਧੇਰੇ ਬਣਦੀ ਹੈ। ਬੜੇ ਦੁੱਖ ਤੇ ਅਫ਼ਸੋਸ ਵਾਲੀ ਗੱਲ ਹੈ ਕਿ ਇਹ ਹਵਾਲੇ ਭਾਰਤੀ ਪਾਠ-ਪੁਸਤਕਾਂ ਵਿੱਚੋਂ ਹੁਣ ਹਟਾ ਦਿੱਤੇ ਗਏ ਹਨ।"

ਅੱਗੇ ਚੱਲ ਕੇ ਆਪਣੀ ਰਿਪੋਰਟ ਵਿਚ ਜਗਦੀਸ਼ ਮਾਨ ਲਿਖਿਆ ਹੈ,"ਮਈ 1915 ਵਿਚ ਹੋਈ ਯੈਪਰੇ ਦੀ ਦੂਸਰੀ ਲੜਾਈ ਵਿਚ ਕੈਨੇਡੀਅਨ ਫ਼ੌਜ ਦੀ ਫ਼ਸਟ ਡਿਵੀਜ਼ਨ ਅਤੇ ਭਾਰਤੀ ਫ਼ੌਜ ਦੀ ਲਾਹੌਰ ਡਿਵੀਜ਼ਨ ਨੇ ਮਿਲ ਕੇ ਜਰਮਨਾਂ ਦੇ ਹੱਲੇ ਨੂੰ ਬੁਰੀ ਤਰ੍ਹਾਂ ਪਛਾੜਿਆ ਸੀ ਜਿਸ ਨੂੰ ਕੈਨੇਡੀਅਨ ਫ਼ੌਜ ਦੇ ਸਰਜਨ ਜੌਹਨ ਮੈਕਰੇ ਨੇ ਆਪਣੀ ਪੁਸਤਕ 'ਫ਼ਲੈਂਡਰਜ਼ ਫ਼ੀਲਡਜ਼' ਵਿਚ ਬਾਖ਼ੂਬੀ ਬਿਆਨ ਕੀਤਾ ਹੈ।"

'ਦ ਸਟਾਰ' ਵਿਚ ਛਪੀ ਇਸ ਰਿਪੋਰਟ ਦੇ ਅਖ਼ੀਰ ਵਿਚ ਜਗਦੀਸ਼ ਮਾਨ ਦਾ ਕਹਿਣਾ ਹੈ ਕਿ ਜੇਕਰ ਡੌਨ ਚੈਰੀ ਸੱਚ-ਮੁੱਚ 'ਪੌਪੀ' ਦੀ ਮਹਾਨਤਾ ਬਰਕਰਾਰ ਰੱਖਣੀ ਚਾਹੁੰਦਾ ਹੈ ਤਾਂ ਉਸ ਨੂੰ ਯੈਪਰੇ ਦੀ ਇਸ ਮਹਾਨ ਲੜਾਈ ਬਾਰੇ ਵੀ ਜਾਣਨਾ ਚਾਹੀਦਾ ਹੈ ਜਿਸ ਵਿਚ ਕੈਨੇਡਾ ਤੇ ਭਾਰਤ ਦੀਆਂ ਫ਼ੌਜਾਂ ਨਾਲੋ-ਨਾਲ ਮਿਲ ਕੇ ਲੜੀਆਂ ਸਨ ਜਿੱਥੋਂ ਇਸ 'ਪੌਪੀ ਸਟੋਰੀ' ਦੀ ਸ਼ੁਰੂਆਤ ਹੋਈ ਸੀ। ਫ਼ੌਜਾਂ ਦੇ ਇਸ ਗਰੁੱਪ ਵਿਚ ਕੈਨੇਡੀਅਨ, ਭਾਰਤੀ, ਮੋਰੋਕਨ, ਅਲਜੀਰੀਅਨ, ਫ਼ਰੈਂਚ, ਆਇਰਸ਼ ਅਤੇ ਬਰਿਟਿਸ਼ਰਜ਼ ਸ਼ਾਮਲ ਸਨ। ਜਰਮਨਾਂ ਦੇ ਇਸ ਹਮਲੇ ਨੂੰ ਪਛਾੜਨ ਲਈ ਭਾਰਤੀ ਫ਼ੌਜੀ ਜਿਨ੍ਹਾਂ ਵਿਚ ਜਲੰਧਰ ਤੇ ਫ਼ਿਰੋਜ਼ਪੁਰ ਦੇ ਬ੍ਰਿਗੇਡਾਂ ਤੋਂ ਬਹੁਤੇ ਪੰਜਾਬੀ ਫ਼ੌਜੀ ਸ਼ਾਮਲ ਸਨ, ਫ਼ਰਾਂਸ ਵਿਚ ਆਪਣੀ ਪੋਸਟ ਨਿਊਵੇ ਚੈਪਲ ਤੋਂ 55 ਕਿਲੋਮੀਟਰ ਪੈਦਲ ਚੱਲ ਕੇ ਬੈਲਜੀਅਮ ਵਿਚ ਕੈਨੇਡੀਅਨ ਫ਼ੌਜਾਂ ਦੀ ਮਦਦ ਲਈ ਯੇਪਰੇ ਪਹੁੰਚੇ ਸਨ ਅਤੇ ਸਰਜਨ ਮੈਕਰੇ ਦੀ ਕਮਾਨ ਹੇਠ ਲੜੇ ਸਨ। ਡੌਨ ਚੈਰੀ ਨੂੰ 'ਪੌਪੀ ਸਟੋਰੀ' ਦੇ ਇਸ ਦੂਸਰੇ ਅੱਧ ਨੂੰ ਵੀ ਯਾਦ ਰੱਖਣਾ ਚਾਹੀਦਾ ਹੈ।

# ਵੰਡੀਆਂ ਪਾਉਣ ਵਾਲੇ 'ਬੋਲਾਂ' ਕਾਰਨ ਡੌਨ ਚੈਰੀ ਨੂੰ 'ਹਾਕੀ ਨਾਈਟ ਇਨ ਕੈਨੇਡਾ' ਦੀ ਸਰਦਾਰੀ ਤੋਂ ਲਾਂਭੇ ਕੀਤਾ

## "ਇਮੀਗਰੈਂਟ ਵਧੀਆ ਨਾਗਰਿਕ ਨਹੀਂ ਹਨ, ਉਹ 'ਰੀਮੈਂਬਰੈਂਸ-ਡੇਅ' ਤੋਂ ਪਹਿਲਾਂ ਪੌਪੀ-ਫ਼ਲਾਵਰ ਨਹੀਂ ਲਗਾਉਂਦੇ" : ਡੌਨ ਚੈਰੀ




ਟੋਰਾਂਟੋ, (ਡਾ. ਝੰਡ) -'ਸਪੋਰਟਸਨੈੱਟ' ਦੀ ਸੂਚਨਾ ਅਨੁਸਾਰ ਡੌਨ ਚੈਰੀ ਨੂੰ 'ਰਿਮੈਂਬਰੈਂਸ ਡੇਅ' ਤੋਂ ਇਕ ਦਿਨ ਪਹਿਲਾਂ ਸ਼ਨੀਵਾਰ ਦੀ ਰਾਤ ਨੂੰ ਇਸ ਸਪੋਰਟਸ ਚੈਨਲ ਦੇ ਸੈੱਗਮੈਂਟ 'ਹਾਕੀ ਨਾਈਟ ਇਨ ਕੈਨੇਡਾ' ਵਿਚ ਕੈਨੇਡਾ ਵਿਚ ਆਉਣ ਵਾਲੇ ਇਮੀਗਰੈਂਟਾ ਵਿਰੁੱਧ ਵਰਤੀ ਗਈ ਮਾੜੀ ਸ਼ਬਦਾਵਲੀ ਕਾਰਨ ਇਸ ਤੋਂ ਲਾਂਭੇ ਕਰ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਸ਼ਨੀਵਾਰ ਦੀ ਰਾਤ ਨੂੰ 'ਕੋਚਸ ਕਾਰਨਰ' ਨਾਮਕ ਪ੍ਰੋਗਰਾਮ ਵਿਚ ਪਿਛਲੇ 40 ਸਾਲਾਂ ਤੋਂ ਕੈਨੇਡਾ ਦੀ ਹਾਕੀ ('ਆਈਸ ਹਾਕੀ') ਵਿਚ ਧਾਂਕ ਜਮਾਈ ਬੈਠੇ 85 ਸਾਲਾ ਡੌਨ ਚੈਰੀ ਨੇ ਕਿਹਾ ਹੈ,"ਤੁਸੀਂ ਲੋਕ (ਇੰਮੀਗਰੈਂਟਸ) ਸਾਡੇ ਜੀਵਨ-ਢੰਗ ਨੂੰ ਪਸੰਦ ਕਰਦੇ ਹੋ, ਸਾਡੇ ਦੁੱਧ ਤੇ ਸ਼ਹਿਦ ਨੂੰ ਪਸੰਦ ਕਰਦੇ ਹੋ। ਤੁਹਾਨੂੰ ਕੁਝ ਬੱਕਸ (ਡਾਲਰ) 'ਪੌਪੀ ਫ਼ਲਾਵਰਜ਼' ਜਾਂ ਅਜਿਹੇ ਕੰਮਾਂ ਲਈ ਵੀ ਪਾਉਣੇ ਚਾਹੀਦੇ ਹਨ। ਇਨ੍ਹਾਂ ਲੋਕਾਂ (ਸ਼ਹੀਦਾਂ) ਨੇ ਤੁਹਾਡੇ ਲਈ ਆਪਣੀਆਂ ਜਾਨਾਂ ਤੁਹਾਡੇ ਇਸ ਜੀਵਨ ਲਈ ਵਾਰੀਆਂ ਜੋ ਤੁਸੀਂ ਇੱਥੇ ਕੈਨੇਡਾ ਵਿਚ ਮਾਣ ਰਹੇ ਹੋ।"

ਇਹ ਵੀ ਦੱਸਣਯੋਗ ਹੈ ਕਿ ਇਸ ਮੌਕੇ ਡੌਨ ਚੈਰੀ ਦੇ ਨਾਲ ਖੜੇ ਰੌਨ ਮੈਕਲੀਅਨ ਨੇ ਚੈਰੀ ਨੇ ਉਸ ਨੂੰ ਇਹ ਕਹਿਣ ਤੋਂ ਰੋਕਣ ਜਾਂ ਟੋਕਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਸਗੋਂ ਉਸ ਦੇ ਇਨ੍ਹਾਂ ਬੋਲਾਂ 'ਤੇ ਆਪਣੇ ਹੱਥ ਦਾ ਅੰਗੂਠਾ ਉੱਪਰ ('ਥੰਬਜ਼-ਅੱਪ') ਕੀਤਾ। ਇੱਥੇ ਇਹ ਦੱਸਣਾ ਬਣਦਾ ਹੈ ਕਿ ਚੈਰੀ ਨੇ ਆਪਣੇ ਇਨ੍ਹਾਂ ਬੋਲਾਂ ਉੱਪਰ ਕੋਈ ਅਫ਼ਸੋਸ ਜ਼ਾਹਿਰ ਨਹੀ ਕੀਤਾ, ਸਗੋਂ ਟੋਰਾਂਟੋ ਦੀ ਮਸ਼ਹੂਰ ਅਖ਼ਬਾਰ 'ਟੋਰਾਂਟੋ ਸੰਨ' ਦੇ ਇਕ ਨੁਮਾਇੰਦੇ ਨਾਲ ਗੱਲਬਾਤ ਕਰਦਿਆਂ ਉਸ ਨੇ ਕਿਹਾ ਕਿ ਉਸ ਦੇ ਹਰੇਕ ਸ਼ਬਦ ਦਾ ਅਰਥ ਹੈ ਅਤੇ ਉਹ ਉਸ ਉੱਪਰ ਕਾਇਮ ਹੈ।

ਇਸ ਦੌਰਾਨ 'ਸਪੋਰਟਸਨੈੱਟ' ਦੇ ਪ੍ਰੈਜ਼ੀਡੈਂਟ ਬਾਰਟ ਯੈਬਸਲੇ ਦਾ ਕਹਿਣਾ ਹੈ,"ਖੇਡਾਂ ਲੋਕਾਂ ਨੂੰ ਨੇੜੇ ਲਿਆਉਂਦੀਆਂ ਹਨ ਅਤੇ ਉਨ੍ਹਾਂ ਨੂੰ ਆਪਸ ਵਿਚ ਜੋੜਦੀਆਂ ਹਨ। ਇਹ ਲੋਕਾਂ ਵਿਚ ਵੰਡੀਆਂ ਨਹੀਂ ਪਾਉਂਦੀਆਂ।" ਉਨ੍ਹਾਂ ਕਿਹਾ,"ਸ਼ਨੀਵਾਰ ਦੀ ਰਾਤ ਦੇ ਬਰਾਡਕਾਸਟ ਤੋਂ ਬਾਅਦ ਡੌਨ ਚੈਰੀ ਨਾਲ ਹੋਈ ਗੱਲਬਾਤ ਤੋਂ ਬਾਅਦ ਇਹ ਫ਼ੈਸਲਾ ਕੀਤਾ ਗਿਆ ਹੈ ਕਿ ਇਹ ਡੌਨ ਚੈਰੀ ਦੇ ਇਸ ਪ੍ਰੋਗਰਾਮ ਵਿੱਚੋਂ ਬਾਹਰ ਜਾਣ ਦਾ ਸਹੀ ਸਮਾਂ ਹੈ।"

ਉਨ੍ਹਾਂ ਹੋਰ ਕਿਹਾ,"ਆਪਣੇ ਬਰਾਡਕ-ਾਸਟ ਵਿਚ ਡੌਨ ਚੈਰੀ ਨੇ ਵੰਡੀਆਂ ਪਾਉਣ ਵਾਲੇ ਸ਼ਬਦਾਂ ਦੀ ਵਰਤੋਂ ਕੀਤੀ ਹੈ ਜੋ ਸਾਡੀਆਂ ਕੈਨੇਡੀਅਨ ਕਦਰਾਂ-ਕੀਮਤਾਂ, ਜਿਨ੍ਹਾਂ ਦੇ ਲਈ ਅਸੀਂ ਸਾਰੇ ਖੜੇ ਹਾਂ, ਲਈ ਨਹੀਂ ਸ਼ੋਭਦੇ। ਡੌਨ ਕੈਨੇਡਾ ਦੀ ਹਾਕੀ ਦਾ ਸਮ-ਰੂਪ ਹੈ ਅਤੇ ਉਸ ਨੇ ਪਿਛਲੇ 40 ਸਾਲਾਂ ਵਿਚ ਇਸ ਦੀ ਪ੍ਰਗਤੀ ਲਈ ਅਹਿਮ ਯੋਗਦਾਨ ਪਾਇਆ ਹੈ। ਅਸੀਂ ਡੋਨ ਦੇ ਹਾਕੀ ਲਈ ਯੋਗਦਾਨ ਅਤੇ ਸਪੋਰਟਸ ਬਰਾਡਕਾਸਟਿੰਗ ਲਈ ਧੰਨਵਾਦ ਕਰਦੇ ਹਾਂ।"

ਇੱਥੇ ਇਹ ਵਰਨਣਯੋਗ ਹੈ ਕਿ ਡੌਨ ਚੈਰੀ ਨੂੰ ਸਪੋਰਟਸਨੈੱਟ ਤੋਂ ਪਾਸੇ ਕਰਨ ਦੀ ਖ਼ਬਰ ਸੱਭ ਤੋਂ ਪਹਿਲਾਂ 'ਟੋਰਾਂਟੋ ਸੰਨ' ਦੇ ਪੱਤਰਕਾਰ ਜੋਅ ਵਾਰਮਿੰਗਟਨ ਨੇ ਦਿੱਤੀ ਜਿਸ ਨਾਲ ਗੱਲਬਾਤ ਕਰਦਿਆਂ ਡੌਨ ਨੇ ਕਿ ਹਾ ਕਿ ਉਸ ਨੂੰ ਦੁੱਖ ਹੈ ਕਿ ਉਸ ਨੂੰ 'ਰੀਮੈਂਬਰੈਂਸ ਡੇਅ' ਵਾਲੇ ਦਿਨ 'ਹਾਕੀ ਨਾਈਟ ਇਨ ਕੈਨੇਡਾ' ਤੋਂ ਫ਼ਾਇਰ ਕੀਤਾ ਗਿਆ ਹੈ।

# ਪਹਿਲੇ ਵਿਸ਼ਵ ਯੁੱਧ 'ਚ ਕੁਰਬਾਨੀਆਂ ਦੇਣ ਵਾਲੇ ਫੌਜੀਆਂ ਨੂੰ ਸ਼ਰਧਾਂਜ਼ਲੀਆਂ ਭੇਂਟ

## ਸਮਾਗਮ ਵਿਚ ਸੋਨੀਆ ਸਿੱਧੂ ਸਮੇਤ ਰੂਬੀ ਸਹੋਤਾ, ਕਮਲ ਖਹਿਰਾ ਅਤੇ ਮਨਿੰਦਰ ਸਿੱਧੂ ਵੀ ਪਹੁੰਚੇ



ਬਰੈਂਪਟਨ, -ਪਹਿਲੇ ਵਿਸ਼ਵ ਯੁੱਧ 'ਚ ਆਪਣੀਆਂ ਜਾਨਾਂ ਵਾਰਨ ਵਾਲੇ ਮਰਹੂਮ ਫ਼ੌਜੀਆਂ ਦੀ ਯਾਦ ਵਿਚ ਹਰ ਸਾਲ ਨਵੰਬਰ 11 ਨੂੰ 'ਰਿਮੈਂਬਰਸ ਡੇਅ' ਭਾਵ ਸ਼ਰਧਾਂਜਲੀ ਦਿਵਸ ਮਨਾਇਆ ਜਾਂਦਾ ਹੈ। ਇਸ ਮੌਕੇ ਬਰੈਂਪਟਨ ਸਿਟੀ ਹਾਲ ਵਿਚ ਪਹਿਲੀ ਵਿਸ਼ਵ ਜੰਗ ਦੇ ਮਹਾਨ ਸੈਨਿਕਾਂ ਨੂੰ ਯਾਦ ਕੀਤਾ ਗਿਆ ਜਿੱਥੇ ਬਰੈਂਪਟਨ ਸਾਊਥ ਦੇ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਸਮੇਤ ਰੂਬੀ ਸਹੋਤਾ, ਕਮਲ ਖਹਿਰਾ ਅਤੇ ਮਨਿੰਦਰ ਸਿੱਧੂ ਨੇ ਸ਼ਮੂਲੀਅਤ ਕੀਤੀ।

ਸਿਟੀ ਹਾਲ ਵਿਚ ਆਯੋਜਿਤ ਇਸ ਸਮਾਗਮ 'ਚ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ, ਕੌਂਸਲ ਮੈਂਬਰ ਸਾਹਿਬਾਨਾਂ ਨੇ ਵੀ ਪਹਿਲੇ ਵਿਸ਼ਵ ਯੁੱਧ ਦੇ ਫ਼ੌਜੀਆਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਹੋਇਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਇਸ ਮੌਕੇ ਬੋਲਦਿਆਂ ਬਰੈਂਪਟਨ ਸਾਊਥ ਤੋਂ ਮੁੜ ਚੁਣੇ ਗਏ ਮੈਂਬਰ ਪਾਰਲੀਮੈਂਟ ਸੋਨੀਆ ਸਿੱਧੂ ਨੇ ਕਿਹਾ ਕਿ ਅੱਜ ਅਸੀਂ ਬਹਾਦਰ ਕੈਨੇਡੀਅਨਾਂ ਦਾ ਸਨਮਾਨ ਕਰਨ ਲਈ ਇਕੱਠੇ ਹੋਏ ਹਾਂ ਜਿਨ੍ਹਾਂ ਨੇ ਸਾਡੇ ਦੇਸ਼ ਦੀ ਸੇਵਾ ਕੀਤੀ ਅਤੇ ਦੇਸ਼ 'ਚ ਅਮਨ ਸ਼ਾਂਤੀ ਅਤੇ ਲੋਕਤੰਤਰ ਦੀ ਰਾਖੀ ਲਈ ਕੁਰਬਾਨੀਆਂ ਦਿੱਤੀਆਂ। ਅਸੀਂ ਪਹਿਲੇ ਵਿਸ਼ਵ ਯੁੱਧ 'ਚ ਜਾਨਾਂ ਵਾਰਨ ਵਾਲੇ ਮਹਾਨ ਸੈਨਿਕਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕਰਦੇ ਹਾਂ।

# ਲਾਵਾਰਸਾਂ-ਅਪਾਹਜਾਂ ਦੇ ਸੇਵਾਦਾਰ ਡਾ. ਮਾਂਗਟ 15 ਤੋਂ 19 ਨਵੰਬਰ ਤੱਕ ਬਰੈਂਪਟਨ-ਮਿਸੀਸਾਗਾ 'ਚ



ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਰਾਭਾ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਸੰਗਤਾਂ ਨਾਲ ਵਿਚਾਰ ਸਾਂਝੇ ਕਰਨ ਲਈ 15 ਤੋਂ 19 ਨਵੰਬਰ (ਦੁਪਹਿਰ) ਤੱਕ ਸਿੰਘ ਸਭਾ ਗੁਰਦੁਵਾਰਾ ਸਾਹਿਬ (ਮਾਲਟਨ) ਵਿਖੇ ਪਹੁੰਚ ਰਹੇ ਹਨ। ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਡਾ. ਮਾਂਗਟ ਨੇ ਕਈ ਸਾਲ ਸਾਇਕਲ ਤੇ ਫਿਰਕੇ ਲੁਧਿਆਣਾ ਸ਼ਹਿਰ ਵਿੱਚ ਬਿਮਾਰੀਆਂ ਨਾਲ ਪੀੜਤ ਲਾਵਾਰਸਾਂ, ਅਪਾਹਜਾਂ ਅਤੇ ਗ਼ਰੀਬਾਂ ਦਾ ਮੁਫ਼ਓਮਪ;ਤ ਇਲਾਜ ਕਰਵਾਇਆ। ਅਜਿਹੇ ਬੇਸਹਾਰਿਆਂ ਦੀ ਸੇਵਾ-ਸੰਭਾਲ ਵਾਸਤੇ ਸੰਗਤਾਂ ਦੇ ਸਹਿਯੋਗ ਨਾਲ ਸਰਾਭਾ-ਸਹੌਲੀ-ਅੱਬੂਵਾਲ ਪਿੰਡਾਂ ਵਿਚਕਾਰ ਤਿੰਨ ਮੰਜ਼ਲਾ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਤਿਆਰ ਕਰਵਾਇਆ। ਇਸ ਆਸ਼ਰਮ ਵਿੱਚ 135 (ਇੱਕ ਸੌ ਪੈਂਤੀ) ਦੇ ਕਰੀਬ ਲਾਵਾਰਸ, ਬੇਘਰ, ਬੇਸਹਾਰਾ, ਅਪਾਹਜ, ਨੇਤਰਹੀਣ, ਬਿਮਾਰੀਆਂ ਨਾਲ ਪੀੜਤ ਅਤੇ ਦਿਮਾਗੀ ਸੰਤੁਲਨ ਗੁਆ ਚੁੱਕੇ ਲੋੜਵੰਦ ਰਹਿੰਦੇ ਹਨ। ਇਹਨਾਂ ਵਿੱਚੋਂ 55 ਦੇ ਕਰੀਬ ਅਜਿਹੇ ਹਨ ਜਿਹੜੇ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ। ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਓਮਪ;ਤ ਮਿਲਦੀ ਹੈ। ਕੋਈ ਵੀ ਫ਼ਓਮਪ;ੀਸ ਜਾਂ ਖ਼ਰਚਾ ਨਹੀਂ ਲਿਆ ਜਾਂਦਾ। ਆਸ਼ਰਮ ਦਾ ਪ੍ਰਬੰਧ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹੀ ਚੱਲਦਾ ਹੈ। ਸੰਪਰਕ: ਕੈਨੇਡਾ (ਸੈੱਲ) 403-401-8787, ਇੰਡੀਆ (ਮੋਬ-ਾਇਲ) 95018-42505 ।

# ਟੋਰਾਂਟੋ ਦੇ ਕੌਮਾਂਤਰੀ ਕਵੀ ਦਰਬਾਰ 17 ਨਵੰਬਰ ਨੂੰ

ਟੋਰਾਂਟੋ- ਟੋਰਾਂਟੋ ਵਿੱਚ ਹੋਣ ਵਾਲੇ ਅੰਤਰਰਾਸ਼ਟਰੀ ਸਰਬ-ਸਾਂਝੇ ਕਵੀ ਦਰਬਾਰ ਵਿੱਚ ਹਿੱਸਾ ਲੈਣ ਲਈ ਵੱਖ ਵੱਖ ਦੇਸ਼ਾਂ ਤੋਂ ਬਹੁਤ ਸਾਰੇ ਕਵੀ ਕੈਨੇਡਾ ਪਹੁੰਚ ਗਏ ਹਨ। ਇਹ ਜਾਣਕਾਰੀ ਮੀਡੀਆ ਦਿੰਦਿਆਂ ਕਵੀ ਦਰਬਾਰ ਦੇ ਮੀਡੀਆ ਕੋਆਰਡੀਨੇਟਰ ਡਾ ਹੀਰਾ ਰੰਧਾਵਾ ਨੇ ਦੱਸਿਆ ਕਿ 17 ਨਵੰਬਰ ਨੂੰ ਬਰੈਂਪਟਨ ਦੇ 340 ਵੋਡੇਨ ਸਟਰੀਟ ਈਸਟ ਸਥਿਤ ਸੈਂਚਰੀ ਗਾਰਡਨ ਰੀਕਰੇਸ਼ਨ ਸੈਂਟਰ ਦੇ ਹਾਲ ਨੰਬਰ 1 ਵਿੱਚ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਹੋ ਰਿਹਾ ਹੈ। ਉਹਨਾਂ ਦੱਸਿਆ ਕਿ ਵੱਖ ਵੱਖ ਦੇਸ਼ਾਂ ਤੋਂ ਉਕਤ ਕਵੀ ਦਰਬਾਰ ਵਿੱਚ ਸ਼ਾਮਿਲ ਹੋਣ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਸੰਸਥਾ ਦੇ ਜਨਰਲ ਸਕੱਤਰ ਹਰਦਿਆ ਝੀਤਾ ਨੇ ਕਿਹਾ ਕਿ ਸਮੁੱਚੇ ਭਾਈਚਾਰੇ ਵੱਲੋਂ ਇਸ ਕਾਰਜ ਲਈ ਬਹੁਤ ਬਹੁਤ ਵੱਡਾ ਹੁੰਗਾਰਾ ਮਿਲ ਰਿਹਾ ਹੈ। ਉਹਨਾਂ ਕਿਹਾ ਕਿ ਇਸ ਕਵੀ ਦਰਬਾਰ ਦੀਆਂ ਤਿਆਰੀਆਂ ਦੇ ਸੰਬੰਧ ਵਿੱਚ ਵੱਖ ਵੱਖ ਸੰਸਥਾਵਾਂ ਨਾਲ ਜੁੜੇ, ਅਦੀਬਾਂ ਤੇ ਕਲਾਕਾਰਾਂ ਦੀਆਂ ਲਗਾਤਾਰ ਮੀਟਿੰਗਾਂ ਕੀਤੀਆਂ ਗਈਆਂ ਸਨ ਜਿੰਨਾਂ ਦੇ ਸੁਝਾਵਾਂ ਉੱਤੇ ਵਿਚਾਰ ਕਰਕੇ ਹੀ ਪ੍ਰੋਗਰਾਮ ਉਲੀਕੇ ਗਏ ਹਨ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਡਾ ਪਰਗਟ ਸਿੰਘ ਬੱਗਾ ਨੇ ਕਿਹਾ ਕਿ ਦੁਨੀਆਂ ਭਰ ਵਿੱਚ ਮਾਂ-ਬੋਲੀ ਪੰਜਾਬੀ ਦੇ ਪ੍ਰਚਾਰ ਤੇ ਪਾਸਾਰ ਲਈ ਹੋ ਰਹੇ ਯਤਨਾਂ ਵਜੋਂ ਕੀਤਾ ਜਾਣ ਵਾਲੇ ਇਹ ਕਵੀ ਦਰਬਾਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਹਾੜੇ ਤੇ ਉਹਨਾਂ ਨੂੰ ਅਕੀਦਤ ਦੇ ਫੁੱਲਾਂ ਵਜੋਂ ਲਿਆ ਜਾਣਾ ਚਾਹੀਦਾ ਹ । ਉਹਨਾਂ ਦੱਸਿਆ ਕਿ ਇਸ ਕਵੀ ਦਰਬਾਰ ਵਿੱਚ ਸ਼ਾਮਿਲ ਹੋਣ ਲਈ ਕਵੀਆਂ ਨੂੰ ਕੈਨੇਡਾ ਦੇ ਵੀਜ਼ਾ ਆਦਿ ਮਿਲ ਗਏ ਹਨ ਜਿਹੜੇ ਇਸ ਹਫ਼ਤੇ ਕੈਨੇਡਾ ਪਹੁੰਚ ਜਾਣਗੇ। ਸੰਸਥਾ ਦੇ ਚੇਅਰਮੈਨ ਦਲਜੀਤ ਸਿੰਘ ਗੈਦੂ ਨੇ ਦੱਸਿਆ ਕਿ ਇਸ ਕਵੀ ਦਰਬਾਰ ਵਿੱਚ ਸਥਾਨਕ ਕਵੀਆਂ ਤੇ ਨੌਜਵਾਨ ਲੇਖਕਾਂ ਸਮੇਤ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ ਤੇ ਉਤਸ਼ਾਹਿਤ ਜਾਵੇਗਾ। ਸਮਾਗਮ ਲਈ ਵਿਸ਼ੇਸ਼ ਤੌਰ ਤੇ ਤਿਆਰ ਕਰਕੇ ਪੇਸ਼ ਕੀਤਾ ਜਾਣ ਵਾਲਾ ਸਭਿਆਚਾਰਿਕ ਪ੍ਰੋਗਰਾਮ ਦਰਸ਼ਕਾਂ ਲਈ ਵਿਸੇਸ਼ਖਿੱਚ ਦਾ ਕੇਂਦਰ ਹੋਵੇਗ। ਉਹਨਾਂ ਕਿਹਾ ਕਿ ਪ੍ਰਿੰਟ, ਇਲੈਕਟਰੋਨਿਕ, ਰੇਡੀਓ, ਟੀ ਵੀ, ਅਤੇ ਸ਼ੋਸ਼ਲ ਮੀਡੀਏ ਨਾਲ ਜੁੜੇ ਸਮੂਹ ਪੰਜਾਬੀ ਹਿਤੈਸ਼ੀਆਂ ਵੱਲੋਂ ਇਸ ਸਮਾਗਮ ਦੀ ਸਫ਼ਲਤਾ ਲਈ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਕਵੀ ਦਰਬਾਰ ਦੇ ਸਮਾਗਮਾਂ ਮੌਕੇ ਖਾਣ-ਪੀਣ ਦਾ ਵਿਸ਼ੇਸ਼ ਮੁਫ਼ਤ ਪ੍ਰਬੰਧ ਹੋਵੇਗਾ। ਇਸ ਸਮਾਗਮ ਨੂੰ ਆਯੋਜਿਤ ਕਰਨ ਲਈ ਰਾਮਗੜੀਆ ਸਿੱਖ ਫਾਊਂਡੇਸ਼ਨ ਆਫ਼ ਉਨਟੈਰੀਓ ਵੱਲੋਂ ਪ੍ਰਮੁੱਖ ਭੂਮਿਕਾ ਨਿਭਾਈ ਜਾ ਰਹੀ ਹੈ। ਕਿਸੇ ਵੀ ਕਿਸਮ ਦੇ ਸੁਝਾਅ ਅਤੇ ਜਾਣਕਾਰੀ ਲਈ ਡਾ ਪ੍ਰਗਟ ਸਿੰਘ ਬੱਗਾ ਨੂੰ 905-531-8901, ਹਰਦਿਆਲ ਸਿੰਘ ਝੀਤਾ ਨੂੰ 647-409-8915 ਜਾਂ ਦਲਜੀਤ ਸਿੰਘ ਗੈਦੂ ਨੂੰ ਫੋਨ ਨੰਬਰ 416-305-9878 'ਤੇ ਸੰਪਰਕ ਕੀਤਾ ਜਾ ਸਕਦਾ ਹੈ।















# ਸੰਪਾਦਕੀ

## ਇਸਤੋਂ ਪਹਿਲਾਂ ਕਿ ਲੋਹੜਾ ਮਾਰਨ ਮਾਰੂ- ਸੁਪਰਬੱਗਜ਼

ਇਸ ਸਾਲ ਫੈਡਰਲ ਚੋਣਾਂ ਵਿੱਚ ਕਲਾਈਮੇਟ ਚੇਂਜ ਭਾਵ ਵਾਤਾਵਰਣ ਤਬਦੀਲੀ ਵੱਡਾ ਮੁੱਦਾ ਰਿਹਾ ਹੈ ਅਤੇ ਇਹ ਮੁੱਦਾ ਵਿਸ਼ਵ ਭਰ ਵਿੱਚ ਚਰਚਾ ਦਾ ਵਿਸ਼ਾ ਤਾਂ ਹੈ ਹੀ। ਐਂਟੀਬਾਇਓਟਿਕ (Antibiotics) ਅਤੇ ਹੋਰ ਰੋਗ ਵਿਰੋਧੀ ਦਵਾਈਆਂ ਦੇ ਅਸਰ ਨੂੰ ਨਾ ਕਬੂਲ ਕਰਨ ਦੀ ਜੋ ਸਮਰੱਥਾ ਮਨੁੱਖਾਂ ਦੇ ਸਰੀਰ ਵਿੱਚ ਪੈਦਾ ਹੋ ਰਹੀ ਹੈ, ਇਸਦੇ ਮਾਰੂ ਅਸਰ ਦੀ ਕੈਨੇਡੀਅਨਾਂ ਦੀ ਸਿਹਤ ਉੱਤੇ ਕਲਾਈਮੇਟ ਚੇਂਜ ਦੇ ਬਰਾਬਰ ਹੀ ਪੈਣ ਦੀ ਸੰਭਾਵਨਾ ਹੈ। ਇਹ ਚੇਤਾਵਨੀ ਬਰੈਟ ਫਿਨਲੇ (Brett Finaly) ਵੱਲੋਂ ਦਿੱਤੀ ਗਈ ਹੈ ਜੋ ਕਿ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਵੱਲੋਂ Antimicrobial resistance ਦੁਆਰਾ ਹੋਣ ਵਾਲੇ ਨੁਕਸਾਨ ਦਾ ਪਤਾ ਲਾਉਣ ਲਈ ਬਣਾਇਆ ਗਿਆ ਸੀ। ਪੈਨਲ ਨੇ "When Antibiotics Fail: The growing cost of antimicrobial resistance in Canada ਨਾਮਕ ਰਿਪੋਰਟ ਦੋ ਦਿਨ ਪਹਿਲਾਂ ਜਾਰੀ ਕੀਤੀ ਹੈ। ਹਾਲਾਂਕਿ ਪੰਜਾਬੀ ਦੀ ਕਿਸੇ ਡਿਕਸ਼ਨਰੀ ਵਿੱਚ antimicrobial resistance ਦਾ ਅਰਥ ਵੇਖਣ ਨੂੰ ਨਹੀਂ ਮਿਲਦਾ ਪਰ ਸੌਖੇ ਸ਼ਬਦਾਂ ਵਿੱਚ ਇਸਨੂੰ ਸੂਖਮ-ਰੋਗਾਣੂਆਂ ਨਾਲ ਲੜਨ ਦੀ ਮਨੁੱਖੀ ਸਰੀਰ ਵਿੱਚ ਪੈਦਾ ਹੋਈ ਕਮਜ਼ੋਰੀ ਕਿਹਾ ਜਾ ਸਕਦਾ ਹੈ। ਐਂਟੀਬਾਇਓਟਿਕ ਅਤੇ ਹੋਰ ਰੋਗਾਣੂੰ ਵਿਰੋਧੀ ਦਵਾਈਆਂ ਤੋਂ ਨਾ ਮਰਨ ਵਾਲੇ ਤੱਤਾਂ ਨੂੰ 'ਸੁਪਰਬੱਗਜ਼'ਦਾ ਨਾਮ ਦਿੱਤਾ ਗਿਆ ਹੈ।

ਰਿਪੋਰਟ ਮੁਤਾਬਕ ਅਗਲੇ 30 ਸਾਲਾਂ ਵਿੱਚ ਸੁਪਰਬੱਗਜ਼ 4 ਲੱਖ ਕੈਨੇਡੀਅਨਾਂ ਦੀ ਜਾਨ ਲੈ ਚੁੱਕੇ ਹੋਣਗੇ ਅਤੇ ਸਾਡੀ ਆਰਥਕਿਤਾ ਨੂੰ 400 ਬਿਲੀਅਨ ਡਾਲਰ ਦਾ ਨੁਕਸਾਨ ਕਰਨਗੇ। ਇਹਨਾਂ 400 ਬਿਲੀਅਨ ਡਾਲਰਾਂ ਵਿੱਚ 120 ਬਿਲੀਅਨ ਉਹ ਡਾਲਰ ਸ਼ਾਮਲ ਨਹੀਂ ਹਨ ਜੋ ਸੁਪਰਬੱਗਜ਼ ਤੋਂ ਪੀੜਤ ਮਰੀਜਾਂ ਉੱਤੇ ਹਸਪਤਾਲਾਂ ਵਿੱਚ ਖਰਚ ਕਰਨੇ ਪੈਣਗੇ। ਜੇ ਦਵਾਈਆਂ ਦੇ ਅਸਰ ਨਾਲ ਲੜਨ ਦੀ ਕੈਨੇਡੀਅਨਾਂ ਦੀ ਸਮਰੱਥਾ 2018 ਵਿੱਚ 26% ਘੱਟ ਹੋਈ ਵੇਖੀ ਗਈ ਤਾਂ 2050 ਵਿੱਚ ਇਹ 40% ਹੋ ਜਾਵੇਗੀ। ਸਾਲ 2018 ਵਿੱਚ ਸੁਪਰਬੱਗਜ਼ ਨੇ 14,000 ਕੈਨੇਡੀਅਨਾਂ ਦੀ ਜਾਨ ਲਈ। ਹਾਲਾਂਕਿ ਇਹ ਮੰਗ ਕਾਫੀ ਦੇਰ ਤੋਂ ਚੱਲੀ ਆ ਰਹੀ ਹੈ ਕਿ ਕੈਨੇਡਾ ਨੂੰ ਸੁਪਰਬੱਗਜ਼ ਨਾਲ ਸਿੱਝਣ ਵਾਸਤੇ ਇੱਕ ਕੌਮੀ ਰਣਨੀਤੀ ਬਣਾਉਣ ਦੀ ਲੋੜ ਹੈ ਪਰ ਹਾਲੇ ਤੱਕ ਇਸ ਦਿਸ਼ਾ ਵਿੱਚ ਕੋਈ ਕਦਮ ਨਹੀਂ ਚੁੱਕਿਆ ਗਿਆ ਹੈ। ਮਾਹਰ ਚੇਤਾਵਨੀ ਦੇ ਰਹੇ ਹਨ ਕਿ ਅਜਿਹੀਆਂ ਮਾਰੂ ਬਿਮਾਰੀਆਂ ਦੇ ਅਸਰ ਨੂੰ ਸਿਰਫ਼ ਮੌਤਾਂ ਦੀ ਗਿਣਤੀ ਕਰਕੇ ਹੀ ਖਤਰਨਾਕ ਨਹੀਂ ਮੰਨਣਾ ਚਾਹੀਦਾ ਸਗੋਂ ਉਸਨਾਂ ਪ੍ਰਭਾਵਾਂ ਵੱਲ ਵੀ ਧਿਆਨ ਦੇਣ ਦੀ ਲੋੜ ਹੈ ਜੋ ਸੁਪਰਬੱਗਜ਼ ਤੋਂ ਪੀੜਤ ਕੈਨੇਡੀਅਨਾਂ ਨੂੰ ਮਾਨਸਿਕ ਸੰਤਾਪ, ਗਰੀਬੀ ਅਤੇ ਇੱਕਲਤਾ ਦੇ ਰੂਪ ਵਿੱਚ ਹੰਢਾਉਣੇ ਪੈਣਗੇ।

ਸੁਪਰਬੱਗਜ਼ ਸਿਰਫ਼ ਕੈਨੇਡਾ ਦੀ ਸਿਰਦਰਦੀ ਨਹੀਂ ਹਨ ਇਹਨਾਂ ਕਾਰਣ ਵਿਸ਼ਵ ਭਰ ਵਿੱਚ ਮਲੇਰੀਆ, ਤਪਦਿਕ ਅਤੇ ਏਡਜ਼ ਆਦਿ ਬਿਮਾਰੀਆਂ ਨਾਲ ਲੜਨ ਦੀ ਮਨੁੱਖੀ ਸਮਰੱਥਾ ਘੱਟ ਹੋ ਰਹੀ ਹੈ। ਕੈਨੇਡਾ ਦੀ ਇੱਕ ਲੋੜ ਵਿਸ਼ਵ ਦੇ ਵੱਖ ਵੱਖ ਹਿੱਸਿਆਂ ਤੋਂ ਆਉਣ ਵਾਲੇ ਪਰਵਾਸੀ ਹਨ। ਮਾਹਰਾਂ ਨੂੰ ਖਦਸ਼ਾ ਹੈ ਕਿ ਕਿਤੇ ਸੁਪਰਬੱਗਜ਼ ਕਾਰਣ ਕੈਨੇਡਾ ਵਿੱਚ ਇੰਮੀਗਰੇਸ਼ਨ ਬਾਰੇ ਵਿਰੋਧਤਾ ਨਾ ਪੈਦਾ ਹੋ ਜਾਵੇ ਜੋ ਕਿ ਨੁਕਸਾਨਦਾਇਕ ਗੱਲ ਹੋਵੇਗੀ। ਵਿਸ਼ਵ ਸਿਹਤ ਸੰਸਥਾ (WHO) ਮੁਤਾਬਕ ਨਾਮਕ ਸੀਫਾਲੋਸਪੋਰਿਨ (Cephalosporin) ਐਂਟੀਬਾਇਓਟਿਕ ਦਵਾਈ ਨਾਲ ਲੜਨ ਦੀ ਤਾਕਤ ਦੇ ਕਿਸੇ ਹੱਦ ਤੱਕ ਖਤਮ ਹੋਣ ਦੀ ਆਸਟਰੇਲੀਆ, ਕੈਨੇਡਾ, ਜਪਾਨ, ਫਰਾਂਸ, ਨੌਰਵੇ, ਸਵੀਡਨਅਤ ਇੰਗਲੈਂਡ ਵਰਗੇ ਮੁਲਕਾਂ ਵਿੱਚੋਂ ਪੁਸ਼ਟੀ ਹੋ ਚੁੱਕੀ ਹੈ। ਇਹ ਦਵਾਈ ਸੁਜਾਕ (Gnorrhoea) ਤੋਂ ਪੀੜਤ ਲੋਕਾਂ ਦੇ ਇਲਾਜ ਲਈ ਵਰਤੀ ਜਾਂਦੀ ਹੈ।

ਵੇਖਣ ਵਾਲੀ ਗੱਲ ਹੈ ਕਿ ਇਹਨਾਂ ਵੱਡੀਆਂ ਵੱਡੀਆਂ ਰਿਪੋਰਟਾਂ ਅਤੇ ਸਰਕਾਰ ਦੀ ਨਾਕਰਦਗੀ ਦੇ ਚੱਲਦੇ ਆਮ ਮਨੁੱਖ ਕੀ ਕਰ ਸਕਦਾ ਹੈ? ਡਾਕਟਰ ਅਤੇ ਸਿਹਤ ਮਾਹਰ ਇਸ ਗੱਲ ਉੱਤੇ ਰਾਜੀ ਹੁੰਦੇ ਜਾ ਰਹੇ ਹਨ ਕਿ ਸਮਾਂ ਆ ਚੁੱਕਾ ਹੈ ਕਿ ਮਨੁੱਖ ਨੂੰ ਐਂਟੀਬਾਇਓਟਿਕ ਇਜਾਦ ਹੋਣ ਤੋਂ ਪਹਿਲਾਂ ਵਾਲੀ ਸਥਿਤੀ ਪੈਦਾ ਕਰਨ ਦੀ ਲੋੜ ਹੈ ਭਾਵ ਸਮਾਂ ਜਦੋਂ ਐਂਟੀਬਾਇਓਟਿਕਾਂ ਦੀ ਲੋੜ ਹੀ ਨਹੀਂ ਸੀ ਹੁੰਦੀ। ਇਹ ਗੱਲ ਕਿਸੇ ਸੁਫਨੇ ਦੇ ਪੂਰਾ ਹੋਣ ਵਰਗੀ ਹੈ ਪਰ ਹੱਲ ਕਿੱਥੇ ਹੈ? ਸਿਹਤ ਮਾਹਰਾਂ ਦਾ ਆਖਣਾ ਹੈ ਕਿ ਆਮ ਵਿਅਕਤੀ ਨੂੰ ਛੂਤ ਦੇ ਰੋਗਾਂ ਤੋਂ ਬਚਣ ਦੀ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਸ ਵਿੱਚ ਸਫ਼ਾਈ ਦਾ ਖਿਆਲ ਰੱਖਣਾ, ਸਮੇਂ ਸਮੇਂ ਉੱਤੇ ਲੋੜੀਂਦੇ ਟੀਕੇ ਲਵਾਉਣੇ, ਐਂਟੀਬਾਇਓਟਿਕਾਂ ਨੂੰ ਦੀ ਬੇਲੋੜੀ ਵਰਤੋਂ ਤੋਂ ਬਚਣਾ, ਖਾਣਾ ਸਹੀ ਮਾਤਰਾ ਅਤੇ ਸਹੀ ਢੰਗ ਨਾਲ ਖਾਣਾ, ਅਣਜਾਣੇ ਲੋਕਾਂ ਨਾਲ ਸਰੀਰਕ ਸਬੰਧ ਬਣਾਉਣ ਤੋਂ ਪਰਹੇਜ਼ ਕਰਨਾ ਆਦਿ ਸ਼ਾਮਲ ਹੈ।

ਕੈਨੇਡਾ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੈਨਲ ਵੱਲੋਂ ਦਿੱਤੇ ਗਏ ਸੁਝਾਅ ਮੁਤਾਬਕ ਸੁਪਰਬੱਗਜ਼ ਬਾਰੇ ਹੋਰ ਖੋਜ ਕਰਨ ਲਈ 120 ਮਿਲੀਅਨ ਡਾਲਰ ਤੁਰੰਤ ਜਾਰੀ ਕਰੇ ਅਤੇ 150 ਮਿਲੀਅਨ ਡਾਲਰ ਸੁਪਰਬੱਗਜ਼ ਨਾਲ ਸਿੱਝਣ ਲਈ ਕੀਤੇ ਜਾਣ ਵਾਲੇ ਉੱਦਮਾਂ ਵਾਸਤੇ ਦੇਵੇ।

# ਟਰੂਡੋ ਨਾਲ ਮੁਲਾਕਾਤ ਤੋਂ ਬਾਅਦ ਬਲਾਂਸ਼ੇ ਨੇ ਕੇਨੀ ਬਾਰੇ ਕੀਤੀਆਂ ਟਿੱਪਣੀਆਂ

...ਪੰਨਾ 1 ਦਾ ਬਾਕੀ

ਜੇ ਉਹ ਪੱਛਮੀ ਕੈਨੇਡਾ ਵਿੱਚ ਗ੍ਰੀਨ ਸਟੇਟ ਕਾਇਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਉਹ ਉਨ੍ਹਾਂ ਦੀ ਮਦਦ ਕਰ ਸਕਦੇ ਹਨ। ਜੇ ਉਹ ਪੱਛਮੀਂ ਕੈਨੇਡਾ ਵਿੱਚ ਤੇਲ ਵਾਲਾ ਸਟੇਟ ਕਾਇਮ ਕਰਨ ਦਾ ਮਨ ਬਣਾ ਰਹੇ ਹਨ ਤਾਂ ਉਨ੍ਹਾਂ ਨੂੰ ਸਾਡੇ ਤੋਂ ਕੋਈ ਮਦਦ ਨਹੀਂ ਮਿਲੇਗੀ। ਇਸ ਦੌਰਾਨ ਕੈਨੇਡੀਅਨ ਐਸੋਸਿਏਸ਼ਨ ਆਫ ਆਇਲਵੈੱਲ ਡਰਿਲਿੰਗ ਕਾਂਟਰੈਕਟਰਜ਼ ਨੂੰ ਦਿੱਤੇ ਭਾਸ਼ਣ ਵਿੱਚ ਕੇਨੀ ਨੇ ਬਲਾਂਸ਼ੇ ਦੇ ਬਿਆਨ ਉੱਤੇ ਸਖ਼ਤ ਪ੍ਰਤੀਕਿਰਿਆ ਪ੍ਰਗਟਾਉਂਦਿਆਂ ਆਖਿਆ ਕਿ ਤੁਸੀਂ ਦੋ ਬੇੜੀਆਂ ਵਿੱਚ ਸਵਾਰ ਨਹੀਂ ਹੋ ਸਕਦੇ-ਇੱਕ ਪਾਸੇ ਤੇਲ ਦੇ ਉਤਪਾਦਨ ਦੇ ਤੁਸੀਂ ਖਿਲਾਫ ਹੋਂ ਤੇ ਫਿਰ ਵੀ ਪੱਛਮੀ ਪ੍ਰੋਵਿੰਸਾਂ ਵਿੱਚ ਮੌਜੂਦ ਆਇਲਫੀਲਡਜ਼ ਤੋਂ ਪੈਦਾ ਹੋਣ ਵਾਲੀ ਐਨਰਜੀ ਨਾਲ ਸਬੰਧਤ ਪੈਸਾ ਤੁਸੀਂ ਸਵੀਕਾਰ ਕਰਦੇ ਹੋਂ। ਕੇਨੀ ਨੇ ਫਿਰ ਇੱਕ ਵਾਰੀ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਉਨ੍ਹਾਂ ਦੀ ਪ੍ਰੋਵਿੰਸ ਨੇ ਫੈਡਰੇਸ਼ਨ ਲਈ ਕਈ ਬਿਲੀਅਨ ਡਾਲਰਾਂ ਦਾ ਯੋਗਦਾਨ ਪਾਇਆ ਜਦਕਿ ਬਦਲੇ ਵਿੱਚ ਉਨ੍ਹਾਂ ਨੂੰ ਬਣਦਾ ਹਿੱਸਾ ਨਹੀਂ ਮਿਲਿਆ। ਜ਼ਿਕਰਯੋਗ ਹੈ ਕਿ ਕੇਨੀ ਇਸ ਸਮੇਂ ਚੱਲ ਰਹੇ ਇਕੁਅਲਾਈਜ਼ੇਸ਼ਨ ਫੌਰਮੂਲੇ ਦੇ ਖਿਲਾਫ ਹਨ ਜਿਸ ਤਹਿਤ ਫੈਡਰਲ ਟੈਕਸ ਡਾਲਰਜ਼ ਪ੍ਰੋਵਿੰਸਾਂ ਨੂੰ ਉਨ੍ਹਾਂ ਵੱਲੋਂ ਕਮਾਈ ਕਰ ਕੇ ਦੇਣ ਦੀ ਸਮਰੱਥਾ ਦੇ ਆਧਾਰ ਉੱਤੇ ਵੰਡੇ ਜਾਂਦੇ ਹਨ। ਕੇਨੀ ਦਾ ਕਹਿਣਾ ਹੈ ਕਿ ਉਹ ਚਾਹੁੰਦੇ ਹਨ ਕਿ ਸਾਰਾ ਕੁੱਝ ਜਾਇਜ਼ ਹੋਵੇ। ਅਸੀਂ ਕਿਸੇ ਖਾਸ ਰਿਆਇਤ ਦੀ ਮੰਗ ਨਹੀਂ ਕਰ ਰਹੇ ਅਸੀਂ ਚਾਹੁੰਦੇ ਹਾਂ ਕਿ ਸਾਰਿਆਂ ਨਾਲ ਇੱਕੋ ਜਿਹਾ ਸਲੂਕ ਕੀਤਾ ਜਾਵੇ। ਅਸੀਂ ਇਸ ਜਾਇਜ਼ ਡੀਲ ਲਈ ਲੜਾਂਗੇ।

# ਸੇਵਾਮੁਕਤ ਇੰਜਨੀਅਰਜ਼ ਐਸੋਸੀਏਸ਼ਨ ਵੱਲੋਂ ਮੁੱਖ ਮੰਤਰੀ ਰਾਹਤ ਫੰਡ 'ਚ 7.51 ਲੱਖ ਰੁਪਏ ਦਾ ਯੋਗਦਾਨ



ਚੰਡੀਗੜ੍ਹ, 13 ਨਵੰਬਰ (ਗਿਆਨ ਸਿੰਘ): ਸੂਬੇ ਵਿੱਚ ਕੁਦਰਤੀ ਆਫ਼ਤਾਂ ਤੋਂ ਪ੍ਰਭਾਵਿਤ ਲੋੜਵੰਦਾਂ ਨੂੰ ਹਰ ਸੰਭਵ ਵਿੱਤੀ ਸਹਾਇਤਾ ਦੇਣ ਲਈ ਪੰਜਾਬ ਸਰਕਾਰ ਦੀ ਅਪੀਲ ਦੇ ਜਵਾਬ ਵਿੱਚ ਪੰਜਾਬ ਸਿੰਜਾਈ ਸੇਵਾਮੁਕਤ ਇੰਜਨੀਅਰਜ਼ ਐਸੋਸੀਏਸ਼ਨ ਨੇ ਅੱਜ ਐਸੋਸੀਏਸ਼ਨ ਦੇ ਸੰਸਥਾਪਕ ਅਤੇ ਪ੍ਰਧਾਨ ਕੇ.ਐਲ. ਭਾਰਗਵ ਦੀ ਅਗਵਾਈ ਹੇਠ ਮੁੱਖ ਮੰਤਰੀ ਰਾਹਤ ਫੰਡ ਵਿੱਚ 7.51 ਲੱਖ ਰੁਪਏ ਦਾ ਯੋਗਦਾਨ ਪਾਇਆ।

ਪ੍ਰਧਾਨ ਕੇ.ਐਲ. ਭਾਰਗਵ ਨੇ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਮੌਜੂਦਗੀ ਵਿੱਚ ਐਸੋਸੀਏਸ਼ਨ ਦੇ 110 ਮੈਂਬਰਾਂ ਵੱਲੋਂ ਸਾਂਝੇ ਤੌਰ 'ਤੇ ਇਕੱਤਰ ਕੀਤੇ 7,51,700 ਰੁਪਏ ਦੇ ਚੈੱਕ ਸਥਾਨਕ ਸਰਕਾਰਾਂ ਬਾਰੇ ਮੰਤਰੀ ਸ੍ਰੀ ਬ੍ਰਹਮ ਮਹਿੰਦਰਾ ਨੂੰ ਸੌਂਪੇ।

ਐਸੋਸੀਏਸ਼ਨ ਵੱਲੋਂ ਕੀਤੀ ਗਈ ਇਸ ਪਹਿਲਕਦਮੀ ਦਾ ਸੁਆਗਤ ਕਰਦਿਆਂ ਬ੍ਰਹਮ ਮਹਿੰਦਰਾ ਨੇ ਕਿਹਾ ਕਿ ਸੇਵਾ-ਮੁਕਤ ਕਰਮਚਾਰੀਆਂ ਵੱਲੋਂ ਦਿੱਤਾ ਗਿਆ ਇਹ ਯੋਗਦਾਨ ਕੁਦਰਤੀ ਆਫ਼ਤਾਂ ਦੇ ਪੀੜਤਾਂ ਨੂੰ ਦਰਪੇਸ਼ ਮੁਸ਼ਕਿਲਾਂ ਨੂੰ ਘੱਟ ਕਰਨ ਵਿੱਚ ਵਧੇਰੇ ਅਹਿਮ ਸਾਬਤ ਹੋਵੇਗਾ ਅਤੇ ਇਸ ਦੇ ਨਾਲ ਹੀ ਇਸ ਦੁੱਖ ਦੀ ਘੜੀ ਵਿੱਚ ਪੀੜਤ ਪਰਿਵਾਰਾਂ ਨੂੰ ਲੋੜੀਂਦੀ ਸਹਾਇਤਾ ਮਿਲੇਗੀ।

ਬ੍ਰਹਮ ਮਹਿੰਦਰਾ ਨੇ ਅੱਗੇ ਕਿਹਾ ਕਿ ਜ਼ਰੂਰਤਮੰਦਾਂ ਦੀ ਮਦਦ ਕਰਨਾ ਸਾਡਾ ਫਰਜ਼ ਬਣਦਾ ਹੈ ਅਤੇ ਉਨ ਨੇ ਸਾਰਿਆਂ ਨੂੰ ਅਜਿਹੇ ਪਰਉਪਕਾਰੀ ਕੰਮਾਂ ਲਈ ਖੁੱਲੇ ਦਿਲ ਨਾਲ ਦਾਨ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਅਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਓ.ਪੀ. ਸੋਨੀ ਤੋਂ ਇਲਾਵਾ ਜਥੇਬੰਦੀ ਦੇ ਮੁੱਖ ਸਲਾਹਕਾਰ ਇੰਜਨੀਅਰ ਨਰਿੰਦਰ ਸ਼ਰਮਾ, ਕਾਰਜਕਾਰੀ ਪ੍ਰਧਾਨ ਐਸ.ਐਲ. ਵਿਨਾਇਕ ਅਤੇ ਵਿੱਤ ਸਕੱਤਰ ਇੰਜਨੀਅਰ ਗੁਰਪਾਲ ਸਿੰਘ ਮੌਜੂਦ ਸਨ।

# ਡਾ. ਹਰਸ਼ਿੰਦਰ ਕੌਰ ਦੀ ਪੁਸਤਕ ਗੁਰੂ ਨਾਨਕ ਦੀਆਂ ਮਾਨਵ ਕਲਿਆਣਕਾਰੀ ਸਿੱਖਿਆਵਾਂ ਰਿਲੀਜ਼

## ਸਮਾਜ ਨੂੰ ਇਸਤਰੀ ਪ੍ਰਤੀ ਸੋਚ ਬਦਲਣ ਦੀ ਲੋੜ : ਡਾ. ਹਰਸ਼ਿੰਦਰ ਕੌਰ





ਡੇਰਾ ਬਾਬਾ ਨਾਨਕ,(ਗੁਰਦਾਸਪੁਰ), 13 ਨਵੰਬਰ (ਗਿਆਨ ਸਿੰਘ ) : ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਡੇਰਾ ਬਾਬਾ ਨਾਨਕ ਵਿਖੇ ਕਰਵਾਏ ਜਾ ਰਹੇ ਸ੍ਰੀ ਗੁਰੂ ਨਾਨਕ ਉਤਸਵ ਦੇ ਆਖਰੀ ਦਿਨ ਸੁਰ ਮੰਡਲ ਭਾਈ ਮਰਦਾਨਾ ਰਾਗ ਦਰਬਾਰ ਵਿਖੇ ਗੁਰੂ ਦੀ ਇਲਾਹੀ ਬਾਣੀ ਦੀ ਕਥਾ ਅਤੇ ਕੀਰਤਨ ਦਾ ਪ੍ਰਵਾਹ ਚੱਲਿਆਂ ,ਜਿਸ ਵਿੱਚ ਪ੍ਰਸਿੱਧ ਕਥਾ ਵਾਚਕਾਂ ਵੱਲੋ ਗੁਰੂ ਕੀ ਬਾਣੀ ਦੀ ਕਥਾ ਅਤੇ ਕੀਰਤਨੀ ਜੱਥਿਆਂ ਵੱਲੋਂ ਪੁਰਾਤਨ ਤੰਤੀ ਸਾਜਾਂ ਨਾਲ ਰੱਬੀ ਬਾਣੀ ਦਾ ਗਾਇਨ ਕਰਕੇ ਪੂਰਾ ਦਿਨ ਗੁਰਬਾਣੀ ਦਾ ਪ੍ਰਵਾਹ ਚਲਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। । ਇਸ ਮੌਕੇ ਇਸਤਰੀ ਸੰਮੇਲਨ ,ਗੁਰਮਤਿ ਵਿਚਾਰ, ਅਤੇ ਕਵੀਸ਼ਰੀ ਦਰਬਾਰ ਵੀ ਕਰਵਾਇਆ ਗਿਆ ।ਇਸ ਮੌਕੇ ਸੰਤ ਸਮਾਜ ਦੇ ਮੁਖੀ ਬਾਬਾ ਸਰਬਜੋਤ ਸਿੰਘ ਬੇਦੀ ਸਮੇਤ ਵੱਖ-ਵੱਖ ਸਿੱਖ ਜੱਥੇਬੰਦੀਆਂ ਦੇ ਨੁਮਾਇੰਦੇ ਅਤੇ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ

ਇਸ ਮੌਕੇ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਵੱਲੋਂ ਕਥਾ ਰਾਹੀਂ ਸੰਗਤਾਂ ਨੂੰ ਗੁਰੂ ਨਾਲ ਜੋੜਿਆ ਗਿਆ ।ਜਵੱਦੀ ਟਕਸਾਲ ਦੇ ਜਥੇ ਵੱਲੋਂ ਤੰਤੀ ਸਾਜਾਂ ਨਾਲ ਗੁਰਬਾਣੀ ਦੇ ਸਬਦ "ਗੁਰ ਬਿਨ ਘੋਰ ਅੰਧਾਰ" , ਜਾਹਰ ਪੀਰ ਜਗਤ ਗੁਰੂ ਬਾਬਾ ਅਤੇ ਧੰਨ ਨਾਨਕ ਤੇਰੀ ਵੱਡੀ ਕਮਾਈ ਦਾ ਗਾਇਨ ਕੀਤਾ ਗਿਆ ।ਸੰਤ ਜਗਜੀਤ ਸਿੰਘ ਹਰਖੋਵਾਲ ਵਾਲਿਆਂ ਦੇ ਜਥੇ ਵੱਲੋਂ ਵੀ ਕੀਰਤਨ ਰਾਹੀਂ ਆਪਣੀ ਹਾਜ਼ਰੀ ਲਵਾਈ ਗਈ ।ਸੰਤ ਹਰੀ ਸਿੰਘ ਰੰਧਾਵੇ ਵਾਲਿਆ ਵੱਲੋਂ ਕਥਾ ਰਾਹੀਂ ਗੁਰੂ ਦੀ ਬਾਣੀ ਦਾ ਗੁਣਗਾਣ ਕੀਤਾ ਗਿਆ। ਇਸ ਸਮਾਗਮ ਦੌਰਾਨ ਹੋਏ ਇਸਤਰੀ ਸੰਮੇਲਨ ਮੌਕੇ ਪ੍ਰਸਿੱਧ ਲੇਖਕਾਂ ਅਤੇ ਵਿਦਵਾਨ ਡਾ ਹਰਸ਼ਿੰਦਰ ਕੌਰ ਦੀ ਕਿਤਾਬ "ਗੁਰੂ ਨਾਨਕ ਦੀਆਂ ਮਾਨਵ ਕਲਿਆਣਕਾਰੀ ਸਿੱਖਿਆਵਾਂ " ਕੈਬਨਿਟ ਮੰਤਰੀ ਸ: ਸੁਖਜਿੰਦਰ ਸਿੰਘ ਰੰਧਾਵਾ ਅਤੇ ਸੰਤ ਮਹਾਂਪੁਰਸ਼ਾਂ ਵੱਲੋਂ ਰਿਲੀਜ਼ ਕੀਤੀ ਗਈ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਡਾ ਹਰਸ਼ਿੰਦਰ ਕੌਰ ਨੇ ਕਿਹਾ ਕਿ ਸਾਨੂੰ ਅੱਜ ਵੀ ਬਾਬੇ ਨਾਨਕ ਦੀ ਬਾਣੀ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਤੋਂ ਸੇਧ ਲੈਣ ਦੀ ਲੋੜ ਹੈ ।ਉਨ੍ਹਾਂ ਕਿਹਾ ਕਿ ਔਰਤਾਂ ਨੂੰ ਅੱਜ ਵੀ ਸਮਾਜ ਵਿੱਚ ਬਰਾਬਰਤਾ ,ਸਮਾਨਤਾ ਦਾ ਅਧਿਕਾਰ ਮਿਲਣਾ ਬਾਕੀ ਹੈ ।ਉਨ੍ਹਾਂ ਕਿਹਾ ਕਿ ਬਾਬੇ ਨਾਨਕ ਦੀਆਂ ਸਿੱਖਿਆਵਾਂ ਅਨੁਸਾਰ ਸਾਨੂੰ ਔਰਤ ਪ੍ਰਤੀ ਆਪਣੀ ਸੋਚ ਨੂੰ ਬਦਲਣ ਦੀ ਲੋੜ ਹੈ ।ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿੱਚ ਇਸਤਰੀ ਨੂੰ ਬਹੁਤ ਉੱਚਾ ਸਥਾਨ ਬਖਸ਼ਿਸ਼ ਕੀਤਾ ਹੈ ਤੇ ਸਾਨੂੰ ਔਰਤ ਦੇ ਹਰ ਰਿਸ਼ਤੇ ਦਾ ਸਤਿਕਾਰ ਕਰਨਾ ਚਾਹੀਦਾ ਹੈ ।ਉਨ੍ਹਾਂ ਭਰੂਣ ਹੱਤਿਆ ਸਮੇਤ ਸਮਾਜ ਵਿੱਚ ਫੈਲੀਆਂ ਵੱਖ ਵੱਖ ਕੁਰੀਤੀਆਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਾਨੂੰ ਇਨ੍ਹਾਂ ਦੇ ਖਾਤਮੇ ਲਈ ਇਕਜੁੱਟ ਹੋ ਕੇ ਹੰਭਲਾ ਮਾਰਨ ਦੀ ਲੋੜ ਹੈ।

ਇਸ ਮੌਕੇ ਆਪਣੇ ਸੰਬੋਧਨ ਵਿੱਚ ਕੈਬਨਿਟ ਮੰਤਰੀ ਸ: ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁਲਣਾਂ ਸੰਗਤਾਂ ਦੀਆਂ ਲੰਮੇ ਸਮੇਂ ਤੋਂ ਕੀਤੀਆਂ ਅਰਦਾਸਾਂ ਦਾ ਸਦਕਾ ਹੈ। ਉਨ੍ਹਾਂ ਡੇਰਾ ਬਾਬਾ ਨਾਨਕ ਉਤਸਵ ਵਿੱਚ ਪੁੱਜੀਆਂ ਸਮੂਹ ਸ਼ਖ਼ਸੀਅਤਾਂ, ਸੰਤ ਮਹਾਂਪੁਰਸ਼ਾਂ ,ਕੀਰਤਨੀ ਜਥਿਆਂ ਅਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।

ਇਸ ਮੌਕੇ ਪ੍ਰਧਾਨ ਸੰਤ ਸਮਾਜ ਬਾਬਾ ਸਰਬਜੋਤ ਸਿੰਘ ਬੇਦੀ, ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲੇ ,ਸੰਤ ਜਗਜੀਤ ਸਿੰਘ ਹਰਖੋਵਾਲ ,ਸੰਤ ਸੁਰਿੰਦਰ ਸਿੰਘ ਮੁਹਾਲੀ ,ਸੰਤ ਹਰਜਿੰ-ਦਰ ਸਿੰਘ ਜੌਹਲਾਂ ,ਗਿਆਨੀ ਨਛੱਤਰ ਸਿੰਘ ਭਿੰਡਰਾਂ ,ਵੀਰ ਜੈਵਿੰਦਰ ਸਿੰਘ ਜੀ ਚੀਮਾ ਸਾਹਿਬ ,ਸੰਤ ਬਾਬਾ ਸੁੱਧ ਸਿੰਘ ਟੂਸੇ ,ਬਾਬਾ ਪਾਲ ਸਿੰਘ ਲੋਹੀਆਂ ,ਸੰਤ ਗੁਰਮੀਤ ਸਿੰਘ ਖੋਸਾ ਕੋਟਲਾ, ਭਾਈ ਅਨਭੋਲ ਸਿੰਘ ਦੀਵਾਨਾ ,ਬਾਬਾ ਜਸਬੀਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਤ ਮਹਾਂਪੁਰਸ਼ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਇਲਾਹੀ ਬਾਣੀ ਦਾ ਗੁਣਗਾਨ ਸਰਵਨ ਕਰਨ ਆਈ ਸੰਗਤ ਹਾਜ਼ਰ ਸੀ। ਸਟੇਜ ਸੰਚਾਲਨ ਸ. ਬਲਵਿੰਦਰ ਸਿੰਘ ਵੱਲੋਂ ਬਾਖ਼ੂਬੀ ਕੀਤਾ ਗਿਆ।

# ਵਜਨ ਘਟਾਉਣ ਲਈ ਸਵੇਰੇ-ਸਵੇਰੇ ਪਾਣੀ ਪੀਣਾ ਜ਼ਰੂਰੀ ਕਿ ਨਹੀਂ

ਨਵੀਂ ਦਿੱਲੀ, 13 ਨਵੰਬਰ (ਪੋਸਟ ਬਿਊਰੋ)- ਸਿਹਤ ਲਈ ਸਭ ਤੋਂ ਜ਼ਰੂਰੀ ਹੈ ਵੱਧ ਮਾਤਰਾ ਵਿੱਚ ਪਾਣੀ ਪੀਣਾ ਅਤੇ ਖਾਸ ਕਰ ਜੇ ਤੁਸੀਂ ਵਜਨ ਘੱਟ ਕਰਨ ਦਾ ਸੋਚ ਰਹੇ ਹਨ ਤਾਂ ਪਾਣੀ ਹੋਰ ਜ਼ਰੂਰੀ ਹੋ ਜਾਂਦਾ ਹੈ। ਪਾਣੀ ਪੀਣ ਨਾਲ ਕੈਲੋਰੀ ਇਨਟੇਕ ਘੱਟ ਜਾਂਦੀ ਹੈ ਕਿਉਂਕਿ ਇਸ ਨਾਲ ਤੁਹਾਡਾ ਪੇਟ ਭਰਿਆ ਹੋਇਆ ਰਹਿੰਦਾ ਹੈ। ਇਹ ਪੂਰੀ ਤਰ੍ਹਾ ਸੱਚ ਨਹੀਂ ਅਤੇ ਇਹ ਨੌਜਵਾਨਾਂ ਲਈ ਉਨਾ ਫਾਇਦੇਮੰਦ ਵੀ ਨਹੀਂ ਹੈ। ਇਹ ਤੁਹਾਨੂੰ ਹਾਈਡ੍ਰੇਟ ਰਖਣ ਵਿੱਚ ਮਦਦ ਦੇ ਸਕਦਾ ਹੈ। ਸਰੀਰ ਤੋਂ ਨੁਕਸਾਨਦੇਹ ਤੱਤ ਨੂੰ ਹਟਾਉਣ ਦਾ ਕੰਮ ਕਿਡਨੀ ਦਾ ਹੈ। ਪਾਣੀ ਤੋਂ ਕਿਡਨੀ ਨੂੰ ਚੰਗੀ ਤਰ੍ਹਾ ਕੰਮ ਕਰਨ 'ਚ ਮਦਦ ਜ਼ਰੂਰ ਮਿਲਦੀ ਹੈ ਪਰ ਇਸ ਦਾ ਪਾਣੀ ਦੇ ਸਮੇਂ ਨਾਲ ਕੋਈ ਸੰਬੰਧ ਨਹੀਂ ਹੈ। ਸਵੇਰੇ ਯੂਰਿਨ ਦਾ ਰੰਗ ਗੂੜ੍ਹਾ ਪੀਲਾ ਹੋਣ ਕਾਰਨ ਲੋਕਾਂ ਨੂੰ ਲਗਦਾ ਹੈ ਕਿ ਸਰੀਰ ਡੀਹਾਈਡ੍ਰੇਟ ਹੋ ਗਈ ਹੈ ਤੇ ਸਵੇਰੇ ਪਾਣੀ ਪੀਣਾ ਜ਼ਰੂਰੀ ਹੈ। ਯੂਰਿਕ ਦਾ ਰੰਗ ਹਾਈਡ੍ਰੇਸ਼ਨ ਦਾ ਨਿਸ਼ਚਿਤ ਪੈਮਾਨਾ ਨਹੀਂ ਹੈ। ਇਹ ਸਾਫ ਨਹੀਂ ਕਿ ਸਵੇਰੇ ਸਭ ਤੋਂ ਪਹਿਲਾਂ ਪਾਣੀ ਪੀਣ ਨਾਲ ਵੇਟ ਘਟਣ ਵਿੱਚ ਮਦਦ ਮਿਲਦੀ ਹੈ ਜਾ ਨਹੀਂ। ਜੇ ਤੁਹਾਨੂੰ ਸਵੇਰੇ ਪਾਣੀ ਪੀਣ ਦੀ ਆਦਤ ਹੈ ਇਸ ਵਿੱਚ ਬੁਰਾਈ ਨਹੀਂ। ਤੁਸੀਂ ਸਵੇਰੇ ਪਾਣੀ ਨਹੀਂ ਪੀਂਦੇ ਤਾਂ ਵੀ ਠੀਕ ਹੈ। ਦਿਨ ਵਿੱਚ ਦੋ ਲੀਟਰ ਪਾਣੀ ਪੀਣਾ ਤੁਹਾਡੇ ਲਈ ਜ਼ਰੂਰੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ









PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com



GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976





BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ਼ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8





# ਮੇਰੇ ਹਮਸਫਰ ਡਰਾਈਵਰ

-ਡਾ. ਹਰਨੇਕ ਸਿੰਘ ਕੈਲੇ



1996 ਵਿੱਚ ਪ੍ਰਿੰਸੀਪਲ ਬਣਨ ਮਗਰੋਂ ਮੈਂ ਇਕ ਦਿਨ ਚੰਡੀਗੜ੍ਹ ਯੂਨੀਵਰਸਿਟੀ ਤੋਂ ਰਿਕਸ਼ੇ ਉੱਤੇ ਆਪਣੇ ਅਧਿਆਪਕ ਡਾ. ਡੀ ਡੀ ਜਿਓਤੀ ਦੇ ਘਰ ਉਨ੍ਹਾਂ ਨੂੰ ਮਿਲਣ ਗਿਆ। ਉਨ੍ਹਾਂ ਨੇ ਸੁਝਾਅ ਦਿੱਤਾ ਕਿ ਅੱਗੇ ਤੋਂ ਏਥੇ ਰਿਕਸ਼ੇ ਉੱਤੇ ਨਹੀਂ, ਆਪਣੀ ਕਾਰ ਉੱਤੇ ਆਇਆ ਕਰਾਂ। ਮੈਂ ਕਾਰ ਖਰੀਦ ਲਈ, ਪਰ ਮੈਨੂੰ ਚਲਾਉਣੀ ਨਹੀਂ ਸੀ ਆਉਂਦੀ। ਮੈਨੂੰ ਡਰਾਈਵਰਾਂ ਉੱਤੇ ਨਿਰਭਰ ਹੋਣਾ ਪੈਂਦਾ ਸੀ। ਮੇਰਾ ਪਹਿਲਾ ਡਰਾਈਵਰ ਰਵੀ ਸੀ। ਨਾਂ ਉਸ ਦਾ ਰਾਜਿੰਦਰ ਸੀ ਤੇ ਪਿੰਡ ਵਾਲੇ ਉਸ ਨੂੰ ਭੋਲਾ ਕਹਿੰਦੇ ਸਨ, ਪਰ ਉਹ ਰਵੀ ਅਖਵਾ ਕੇ ਖੁਸ਼ ਸੀ।

ਪਹਿਲੀ ਵਾਰੀ ਮੈਂ ਉਸ ਨਾਲ ਮੁਕਤਸਰ ਸਾਹਿਬ ਗਿਆ। ਉਥੇ ਯੂਨੀਵਰਸਿਟੀ ਨੇ ਬੀ ਐਡ ਦੀ ਪ੍ਰਵੇਸ਼ ਪ੍ਰੀਖਿਆ ਵਾਸਤੇ ਮੇਰੀ ਡਿਊਟੀ ਲਾਈ ਸੀ। ਇਸ ਮਗਰੋਂ ਉਹ ਕਈ ਸਾਲ ਮੇਰੇ ਨਾਲ ਜਾਂਦਾ ਰਿਹਾ। ਉਹ ਕਿਤੇ 'ਬਾਹਰ' ਜਾਣਾ ਚਾਹੁੰਦਾ ਸੀ। ਉਸ ਦੀ ਭੈਣ ਆਸਟ੍ਰੀਆ ਰਹਿੰਦੀ ਸੀ ਤੇ ਉਸ ਨੇ ਉਥੇ ਪਹੁੰਚਣ ਵਾਸਤੇ ਕਈ ਪਾਪੜ ਵੇਲੇ ਪਰ ਗੱਲ ਨਾ ਬਣੀ। ਉਹ ਪਾਠ ਬਹੁਤ ਕਰਦਾ ਸੀ ਤੇ ਇਕ ਦਿਨ ਅੱਕਿਆ ਹੋਇਆ ਆਖਣ ਲੱਗਿਆ, 'ਰੱਬ ਨੂੰ ਪਤਾ ਨ੍ਹੀ, ਮੈਂ ਪਾਠ ਕਿਉਂ ਕਰਦਾਂ?' ਪਤਾ ਨਹੀਂ ਰੱਬ ਕਿਤੇ ਨੇੜੇ ਬੈਠਾ ਹੀ ਸੁਣਦਾ ਸੀ ਅਤੇ ਉਹ 'ਬਾਹਰ' ਚਲਿਆ ਗਿਆ।

ਗੁਰੂਸਰ ਸਧਾਰ ਤੋਂ 2002 ਵਿੱਚ ਸੇਵਾ ਮੁਕਤ ਹੋਣ ਮਗਰੋਂ ਮੈਂ ਜਿਥੇ ਵੀ ਨੌਕਰੀ ਕੀਤੀ, ਉਥੇ ਹਫਤੇ ਵਿੱਚ ਦੋ ਤਿੰਨ ਦਿਨ ਜਾਣਾ ਹੁੰਦਾ ਸੀ। ਇਸ ਕਰਕੇ ਮੇਰਾ ਕੋਈ ਪੱਕਾ ਡਰਾਈਵਰ ਨਹੀਂ ਸੀ। ਕਈ ਡਰਾਈਵਰਾਂ ਨਾਲ ਮੇਰਾ ਵਾਹ ਪਿਆ। ਮਸਤੂਆਣਾ ਸਾਹਿਬ ਕਾਲਜ ਦੀ ਨੌਕਰੀ ਵੇਲੇ ਸਭ ਤੋਂ ਪਹਿਲਾਂ ਪ੍ਰਕਾਸ਼ ਮੇਰੇ ਨਾਲ ਜਾਣ ਲੱਗਾ। ਪਹਿਲਾਂ ਕੁਝ ਦਿਨ ਮੈਨੂੰ ਉਥੇ ਜਾਣਾ ਔਖਾ ਲੱਗਾ, ਪਰ ਉਸ ਦੀ ਆਖੀ ਗੱਲ 'ਲੋਕ ਤਾਂ ਇਥੇ ਆਉਣ ਨੂੰ ਪੈਸੇ ਖਰਚਦੇ ਨੇ ਤੇ ਤੁਹਾਨੂੰ ਪੈਸੇ ਮਿਲਦੇ ਨੇ' ਨਾਲ ਮੇਰੇ ਉੱਤੇ ਬਹੁਤ ਅਸਰ ਹੋਇਆ। ਅਚਾਨਕ ਮੈਨੂੰ ਆਉਣ ਜਾਣ ਵਿੱਚ ਆਨੰਦ ਆਉਣ ਲੱਗ ਪਿਆ। ਕਦੇ-ਕਦੇ ਉਹ ਆਪਣੇ ਨਾਲ ਬੀਤੀ ਕੋਈ ਦਿਲਚਸਪ ਘਟਨਾ ਸੁਣਾਉਂਦਾ ਅਤੇ ਸਫਰ ਦੇ ਮੁੱਕਣ ਦਾ ਪਤਾ ਹੀ ਨਾ ਲੱਗਦਾ। ਉਹ ਆਮ ਤੌਰ ਉੱਤੇ ਮਿਥੇ ਵਕਤ ਤੋਂ ਲੇਟ ਪਹੁੰਚਦਾ ਸੀ। 'ਰਾਹ ਵਿੱਚ ਸੌ ਮਿਲ ਜਾਂਦੈ। ਜੇ ਦਸ ਮਿੰਟ ਖੜ ਕੇ ਗੱਲ ਨਾ ਕਰੀਏ ਤਾਂ ਅਗਲਾ ਗੁੱਸਾ ਕਰਦੈ', ਉਹ ਆਖਦਾ ਸੀ। ਮੈਂ ਉਸ ਨੂੰ ਪੰਦਰਾਂ ਮਿੰਟ ਪਹਿਲਾਂ ਵਕਤ ਦੇਣ ਲੱਗ ਪਿਆ। ਉਹ ਕਾਹਲ ਨਹੀਂ ਸੀ ਕਰਦਾ। 'ਕੋਈ ਨ੍ਹੀ, ਜਦੋਂ ਆਖੋ ਚੱਲ ਪਵਾਂਗੇ। ਘਰ ਈ ਜਾਣੈ' ਉਸ ਨੇ ਆਖਣਾ।

ਹੈਪੀ ਵੀ ਮੇਰੇ ਨਾਲ ਮਸਤੂਆਣਾ ਸਾਹਿਬ ਜਾਂਦਾ ਹੁੰਦਾ ਸੀ। ਵਾਪਸ ਮੁੜਨ ਵੇਲੇ ਉਸ ਨੂੰ ਕਈ ਵਾਰ ਕਾਹਲ ਹੁੰਦੀ ਸੀ, ਕਿਉਂਕਿ ਮੱਝ ਉਸ ਦੇ ਹੱਥ ਪਈ ਹੋਈ ਸੀ। ਅੱਜ ਕੱਲ੍ਹ ਉਹ ਕਿਤੇ ਨੌਕਰੀ ਕਰਦਾ ਤੇ ਕਦੇ ਕਦਾਈਂ ਛੁੱਟੀ ਵਾਲੇ ਦਿਨ ਉਹ ਮੇਰੇ ਨਾਲ ਚਲਿਆ ਜਾਂਦਾ ਹੈ। ਹੁਣ ਵੀ ਉਸ ਦੀ ਸ਼ਾਮ ਨੂੰ ਛੇਤੀ ਘਰ ਪਹੁੰਚਣ ਦੀ ਇੱਛਾ ਹੁੰਦੀ ਹੈ। 'ਆਪਾਂ ਛੇ ਵਜੇ ਤੱਕ ਤਾਂ ਮੁੜ ਆਵਾਂਗੇ।' ਉਹ ਚੱਲਣ ਲੱਗਿਆ ਆਖਦਾ ਹੈ, 'ਮੈਨੂੰ ਨਾਲ ਦੇ ਮੁੰਡੇ ਉਡੀਕਦੇ ਹੁੰਦੇ ਨੇ।'
ਮੇਰੇ ਨਾਲ ਮਸਤੂਆਣਾ ਸਾਹਿਬ ਜਾਣ ਵਾਲਿਆਂ ਵਿੱਚ ਰਾਜੂ ਵੀ ਸੀ। ਉਹ ਕਾਰ ਨੂੰ ਬਹੁਤ ਚਮਕਾ ਕੇ ਰੱਖਦਾ ਸੀ ਅਤੇ ਕੁਝ ਦਿਨਾਂ ਬਾਅਦ ਕਾਰ ਪਾਲਸ਼ ਵਾਲੀ ਡੱਬੀ ਮੰਗਵਾ ਲੈਂਦਾ ਸੀ। ਪਾਲ ਮੇਰੇ ਨਾਲ ਨਾਲਾਗੜ੍ਹ ਕਾਲਜ ਤੇ ਫਿਰ ਭੀਖੀ ਕਾਲਜ ਜਾਣ ਤੋਂ ਇਲਾਵਾ ਹੋਰ ਡਰਾਈਵਰਾਂ ਵਾਂਗ ਘਰੇਲੂ ਕੰਮਕਾਜ ਲਈ ਵੀ ਜਾਂਦਾ ਹੁੰਦਾ ਸੀ। ਉਹ ਸਮੇਂ ਦਾ ਪੂਰਾ ਪਾਬੰਦ ਸੀ ਤੇ ਚਾਹੁੰਦਾ ਸੀ ਕਿ ਉਸ ਦੇ ਪਹੁੰਚਣ ਵੇਲੇ ਨੂੰ ਜਾਣ ਲਈ ਤਿਆਰ ਹੋਵਾਂ। ਉਹ ਕੈਨੇਡਾ ਜਾਣ-ਜਾਣ ਕਰਦਾ ਸੀ ਅਤੇ ਉਥੇ ਪਹੁੰਚ ਹੀ ਗਿਆ।

ਇਕ ਡਰਾਈਵਰ ਨੂੰ ਮੈਂ ਭੀਖੀ ਜਾਣ ਲਈ ਲੱਭਿਆ, ਪਰ ਉਹ ਇਕੋ ਦਿਨ ਗਿਆ। ਕਾਲਜ ਪਹੁੰਚਣ ਸਾਰ ਉਸ ਨੇ ਕਾਰ ਵਿੱਚ ਅਗੇ ਪਏ ਬਾਰਾਂ ਤੇਰਾਂ ਰੁਪਏਆਂ ਦਾ ਕਿਤੋਂ ਜਰਦਾ ਲੈ ਲਿਆ ਤੇ ਇਕ ਸੇਵਾਦਾਰ ਤੋਂ ਸੌ ਰੁਪਇਆ ਫੜ ਲਿਆ। ਦਿਹਾੜੀ ਦੇ ਬਚਦੇ ਪੈਸੇ ਵੀ ਉਸ ਨੇ ਮੇਰੇ ਕੋਲੋਂ ਰਸਤੇ ਵਿੱਚ ਲੈ ਲਏ।

ਪੰਡਤ ਬਾਲ ਕ੍ਰਿਸ਼ਨ ਨੇ ਸ਼ੁਰੂ ਤੋਂ ਹੀ ਡਰਾਈਵਰੀ ਕੀਤੀ ਅਤੇ ਬੁੱਢੇ ਵਾਰੇ ਵੀ ਕਰਦਾ ਰਿਹਾ। ਜਦ ਵੀ ਕਦੇ ਮੈਂ ਉਸ ਨੂੰ ਕਿਤੇ ਜਾਣ ਲਈ ਫੋਨ ਕਰਦਾ, ਉਹ ਮਿੱਥੇ ਸਮੇਂ ਤੋਂ ਕਾਫੀ ਪਹਿਲਾਂ ਪਹੁੰਚ ਜਾਂਦਾ ਤੇ ਆ ਕੇ ਕਹਿੰਦਾ, 'ਮੈਂ ਤਾਂ ਵਿਹਲਾ ਬੈਠਾ ਸੀ, ਤੁਰ ਪਿਆ।' ਕਦੇ-ਕਦੇ ਉਹ ਸਮੇਂ ਤੋਂ ਬਹੁਤ ਪਹਿਲਾਂ ਪਹੁੰਚਣ ਲਈ ਆਪਣੀ ਸਫਾਈ ਦਿੰਦਾ। ਜੇ ਉਸ ਨੂੰ ਆਖਦਾ, 'ਪੰਡਤ ਜੀ, ਹੁਣ ਉਮਰ ਬਹੁਤ ਹੋ ਗਈ। ਵੱਡੀ ਉਮਰ ਵਿੱਚ ਨਿਗ੍ਹਾ ਘੱਟ ਜਾਂਦੀ ਐ। ਐਨਕਾਂ ਲਵਾ ਲਓ।' ਉਸ ਦਾ ਜਵਾਬ ਹੁੰਦਾ,' ਮੈਨੂੰ ਦਿੱਸੀ ਤਾਂ ਜਾਂਦੈ। ਐਨਕਾਂ ਕਿਉਂ ਲਵਾਵਾਂ?'
ਸੂਰਜ ਛਿਪਣ ਮਗਰੋਂ ਉਸ ਨੂੰ ਘੱਟ ਦਿਸਣ ਲੱਗ ਜਾਂਦਾ ਸੀ ਤੇ ਉਹ ਦਿਨ ਖੜੇ-ਖੜੇ ਵਾਪਸ ਪਹੁੰਚਣਾ ਚਾਹੁੰਦਾ ਹੁੰਦਾ ਸੀ। ਪਹਿਲਾਂ-ਪਹਿਲਾਂ ਉਹ ਕਾਰ ਦੀ ਸਪੀਡ ਘੱਟ ਰੱਖਦਾ ਹੁੰਦਾ ਸੀ, ਪਰ ਫਿਰ ਉਹ ਬਹੁਤ ਤੇਜ਼ ਚਲਾਉਣ ਲੱਗ ਪਿਆ। ਮੈਨੂੰ ਡਰ ਲੱਗਣ ਲੱਗਦਾ ਤੇ ਮੈਂ ਆਖਦਾ, 'ਪੰਡਤ ਜੀ, ਹੌਲੀ ਚੱਲੋ।' ਉਸ ਦਾ ਤੁਰੰਤ ਜਵਾਬ ਹੁੰਦਾ, 'ਇਹ ਭੱਜਦੀ ਈ ਬਾਹਲੀ ਐ।' ਉਹ ਹੱਸਦਾ ਰਹਿੰਦਾ ਅਤੇ ਕਦੇ ਤਿੰਨ ਪੰਜ ਨਹੀਂ ਸੀ ਕਰਦਾ। ਦੋ ਕੁ ਸਾਲ ਪਹਿਲਾਂ ਉਸ ਨੂੰ ਅਧਰੰਗ ਦਾ ਅਟੈਕ ਹੋ ਗਿਆ ਸੀ ਅਤੇ ਹੁਣ ਉਹ ਕਿਤੇ ਨਹੀਂ ਜਾਂਦਾ।

ਸ਼ਮਸ਼ੇਰ ਮੇਰੇ ਨਾਲ ਪਹਿਲੀ ਵਾਰ ਪੰਜ ਕੁ ਸਾਲ ਪਹਿਲਾਂ ਪੁਰਾਣਾ ਸ਼ਾਲ੍ਹਾ (ਗੁਰਦਾਸਪੁਰ) ਗਿਆ ਸੀ। ਉਦੋਂ ਤੋਂ ਜਦ ਕਦੇ ਮੈਨੂੰ ਲੋੜ ਪਵੇ ਤੇ ਉਸ ਨੂੰ ਵਿਹਲ ਹੋਵੇ, ਮੈਂ ਉਸ ਨੂੰ ਨਾਲ ਲੈ ਜਾਂਦਾ ਹਾਂ। ਜਦ ਕਦੇ ਮੈਂ ਉਸ ਨੂੰ ਜਾਣ ਲਈ ਫੋਨ ਕਰਾਂ ਤਾਂ ਉਹ ਪੱਕੀ 'ਹਾਂ' ਜਾਂ 'ਨਾਂਹ' ਕਰ ਦਿੰਦਾ ਹੈ। ਉਹ ਆਪਣੇ ਅਸੂਲ ਮੁਤਾਬਕ ਜਿਸ ਨੂੰ 'ਹਾਂ' ਕਹਿ ਦਿੰਦਾ ਹੈ, ਉਸੇ ਨਾਲ ਜਾਂਦਾ ਹੈ। ਜੇ ਕਿਸੇ ਕਾਰਨ ਉਹ ਫੋਨ ਨਾ ਉਠਾ ਸਕੇ ਤਾਂ ਮਗਰੋਂ ਆਪ ਫੋਨ ਜ਼ਰੂਰ ਕਰਦਾ ਹੈ। ਉਹ ਹਮੇਸ਼ਾ ਚੱਲਣ ਤੋਂ ਦਸ ਮਿੰਟ ਪਹਿਲਾਂ ਪਹੁੰਚਦਾ ਹੈ।
ਪੰਮਾ ਇਕ ਵਾਰ ਮੇਰੇ ਨਾਲ ਦਿੱਲੀ ਏਅਰਪੋਰਟ ਗਿਆ ਸੀ। ਹੁਣ ਵੀ ਕਦੇ ਕਦੇ 'ਹਾਂ' ਕਰ ਦਿੰਦਾ ਹੈ। ਰਸਤੇ ਵਿੱਚ ਉਹ ਗੱਲਾਂ ਦੀ ਲੜੀ ਟੁੱਟਣ ਨਹੀਂ ਦਿੰਦਾ।

ਬਹਾਦਰ ਸਿੰਘ ਵੀ ਮੇਰੇ ਨਾਲ ਕਦੇ ਕਦੇ ਜਾਣ ਵਾਲਾ ਡਰਾਈਵਰ ਹੈ। ਉਸ ਨੂੰ ਸਿੱਖ ਇਤਿਹਾਸ ਦੀ ਚੰਗੀ ਜਾਣਕਾਰੀ ਹੈ। ਲੰਮੇ ਸਫਰ ਉੱਤੇ ਜਾਂਦਿਆਂ ਉਹ ਇਤਿਹਾਸ ਦੀ ਕੋਈ ਘਟਨਾ ਜ਼ਰੂਰ ਸੁਣਾਉਂਦਾ ਹੈ। ਕੰਮਕਾਰ ਵਿੱਚ ਰੁੱਝਿਆ ਰਹਿਣ ਕਰਕੇ ਉਹ ਆਉਣ ਲੱਗਿਆ ਦੇਰ ਕਰ ਦਿੰਦਾ ਹੈ, ਪਰ ਸ਼ਾਮ ਨੂੰ ਵਾਪਸ ਮੁੜਨ ਵੇਲੇ ਉਸ ਨੂੰ ਕਦੇ ਕਾਹਲ ਨਹੀਂ ਹੁੰਦੀ। ਡਰਾਈਵਰਾਂ ਦੇ ਸਹਾਰੇ ਮੇਰੀ ਪਤਨੀ ਅਤੇ ਮੈਂ ਜਿੱਥੇ ਕਿਤੇ ਜਾਣਾ ਹੁੰਦਾ ਹੈ, ਜਾ ਆਉਂਦੇ ਹਾਂ। ਅਜਿਹੀ ਸਥਿਤੀ ਕਦੇ ਹੀ ਪੈਦਾ ਹੁੰਦੀ ਹੈ, ਜਦ ਅਸੀਂ ਕਿਤੇ ਜਾਣਾ

# ਕੋਈ ਹਰਿਆ ਬੂਟ ਰਹਿਓ ਰੀ

-ਐਸ ਫੁਲਾਵਰ ਸਿੰਘ

ਮੇਰਾ ਜਨਮ ਰਾਜਸਥਾਨ ਹੱਦ ਨਾਲ ਲੱਗਦੇ ਮਾਲਵਾ ਖੇਤਰ ਵਿੱਚ ਹੋਇਆ। ਮੈਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਹਾਂ ਕਿ ਮੈਨੂੰ ਆਰਥਿਕ ਤੌਰ 'ਤੇ ਗਰੀਬ, ਪਰ ਉਚੀ ਸੁੱਚੀ ਸੋਚ ਰੱਖਣ ਵਾਲੇ ਲੋਕਾਂ ਵਿੱਚ ਖੇਡਣ ਮੱਲ੍ਹਣ ਦਾ ਮੌਕਾ ਮਿ-ਲਿਆ। ਸਾਡੇ ਘਰ ਦੇ ਚੁਫੇਰੇ ਮੇਘਵਾਲ (ਰਾਜਸਥਾਨੀ ਲੋਕ) ਤਰਖਾਣ, ਮਜ਼੍ਹਬੀ ਸਿੱਖ ਤੇ ਰਮਦਾਸੀ ਭਾਈਚਾਰੇ ਦੇ ਘਰ ਸਨ। ਇਨ੍ਹਾਂ ਵਿੱਚੋਂ ਰਵਿਦਾਸੀਆ ਜਾਤੀ ਦੀ ਤਾਈ ਨੰਦ ਕੌਰ ਵਿਧਵਾ ਦਾ ਛੋਟਾ ਜਿਹਾ ਕੱਚਾ ਘਰ ਸਾਡੇ ਲਈ ਸਵਰਗ ਸਮਾਨ ਸੀ। ਉਸ ਦਾ ਇਕੋ-ਇਕ ਪੁੱਤ ਬੀਰੀ (ਬਲਬੀਰ ਸਿੰਘ) ਬੱਕਰੀਆਂ ਚਾਰਦਾ ਜਵਾਨ ਹੋਇਆ। ਉਹ ਸਾਡੇ ਘਰ ਦਿਹਾੜੀ ਕਰਦਾ ਸੀ। ਨੰਦ ਕੌਰ ਨੇ ਦੋ ਧੀਆਂ ਸਾਡੀ ਸੁਰਤ ਸੰਭਾਲਣ ਤੋਂ ਪਹਿਲਾਂ ਵਿਆਹ ਦਿੱਤੀਆਂ ਸਨ। ਤਾਈ ਦਾ ਦੋਹਤਾ ਪ੍ਰਾਇਮਰੀ ਤੱਕ ਮੇਰੇ ਨਾਲ ਪੜ੍ਹਿਆ ਸੀ। ਜਦੋਂ ਅਸੀਂ ਸਕੂਲੋਂ ਅੱਧੀ ਛੁੱਟੀ ਵੇਲੇ ਘਰ ਆਉਣਾ ਤਾਂ ਉਸ ਲੜਕੇ ਨੂੰ ਕੂੰਡੇ ਵਿੱਚ ਥੋੜ੍ਹੀ ਪਾਣੀ ਛਿੜਕ ਕੇ ਸੁੱਕੀ ਚਟਨੀ ਨੂੰ ਗਿੱਲੀ ਕਰਕੇ ਕੂੰਡੇ ਵਿੱਚ ਰੋਟੀ ਘਸਾ ਕੇ ਖਾਂਦੇ ਨੂੰ ਦੇਖਣਾ ਤਾਂ ਅਸੀਂ ਵੀ ਹਿੱਸਾ ਵੰਡਾਉਣ ਲੱਗ ਪੈਣਾ। ਤਾਈ ਸਾਡੀ ਰੋਟੀ ਵੀ ਬਣਾ ਕੇ ਰੱਖ ਦਿੰਦੀ ਤੇ ਨਾਲ ਕਹਿ ਦਿੰਦੀ, 'ਵੇ ਜੈ ਖਾਣਿਓ! ਤੁਸੀਂ ਭਿੱਟੇ ਜਾਉਂਗੇ। ਤੇਰੀ ਦਾਦੀ ਨੂੰ ਪਤਾ ਲੱਗਾ ਤਾਂ ਪਹਿਲਾਂ ਮੇਰੀ ਗੁੱਤ ਪੱਟੂ ਤੇ ਫੇਰ ਤੇਰਾ ਜੂੜਾ।'

ਬੀਰੀ ਦੇ ਜਵਾਨ ਹੋਣ ਉੱਤੇ ਉਸ ਦਾ ਵਿਆਹ ਰੱਖਿਆ ਗਿਆ। ਵਿਆਹ ਬੜੇ ਚਾਵਾਂ ਨਾਲ ਹੋਇਆ। ਬੀਰੀ ਦੀ ਵਹੁਟੀ ਵੀ ਬੜੀ ਸੋਹਣੀ, ਸਿਆਣੀ ਤੇ ਭਲੀ ਮਾਂ ਦੀ ਜਾਈ ਸੀ। ਸਾਰਾ ਦਿਨ ਕੰਮ ਕਰਦੀ ਤੇ ਸੱਸ ਨੂੰ ਮੰਜੇ ਤੋਂ ਥੱਲੇ ਨਾ ਉਤਰਨ ਦਿੰਦੀ। ਨੰਦ ਕੌਰ ਨੂੰਹ ਦੀਆਂ ਸਿਫਤਾਂ ਕਰਦੀ ਨਾ ਥੱਕਦੀ। ਸਮਾਂ ਆਪਣੀ ਤੋਰ ਤੁਰਦਾ ਰਿਹਾ। ਸਾਲ ਬਾਅਦ ਬੀਰੀ ਦੇ ਘਰ ਲੜਕੀ ਪੈਦਾ ਹੋਈ। ਤਾਈ ਦਾ ਸਾਰਾ ਦਿਨ ਪੋਤੀ ਨੂੰ ਖਿਡਾਉਂਦਿਆਂ ਲੰਘ ਜਾਂਦਾ। ਇਹ ਖੁਸ਼ੀ ਜ਼ਿਆਦਾ ਦੇਰ ਨਾ ਰਹੀ। ਉਸ ਵਸਦੇ ਰਸਦੇ ਘਰ ਨੂੰ ਉਦੋਂ ਗ੍ਰਹਿਣ ਲੱਗ ਗਿਆ, ਜਦੋਂ ਬੀਰੀ ਗਰਮੀ ਰੁੱਤੇ ਕੋਠੇ ਉੱਤੇ ਸੁੱਤਾ ਹੋਇਆ ਭੁਲੇਖੇ ਨਾਲ ਥੱਲੇ ਡਿੱਗ ਪਿਆ। ਇਲਾਜ ਲਈ ਉਸ ਨੂੰ ਨੇੜੇ ਦੇ ਸ਼ਹਿਰ ਦੇ ਹਸਪਤਾਲ ਵੀ ਲੈ ਕੇ ਗਏ। ਉਥੋਂ ਜਵਾਬ ਮਿਲਣ ਉੱਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪੀ ਜੀ ਆਈ ਚੰਡੀਗੜ੍ਹ ਲੈ ਕੇ ਗਏ, ਪਰ ਉਹ ਬਚ ਨਾ ਸਕਿਆ। ਪਿੰਡ ਵਿੱਚ ਭੋਗ ਤੱਕ ਸੋਗ ਪਿਆ ਰਿਹਾ। ਸਮਾਂ ਬੀਤਦਾ ਗਿਆ। ਨੂੰਹ ਰੱਬ ਦਾ ਭਾਣਾ ਮੰਨ ਕੇ ਸੱਸ ਦੀ ਸੇਵਾ ਰਦੀ ਰਹੀ। ਉਹ ਆਪ ਭਾਵੇਂ ਅੰਦਰ ਵੜ ਕੇ ਰੋ ਲੈਂਦੀ, ਪਰ ਸੱਸ ਨੂੰ ਹੌਸਲਾ ਦਿੰਦੀ ਰਹਿੰਦੀ। ਆਖਰ ਮਾਪਿਆਂ ਨੂੰ ਆਪਣੀ ਜਵਾਨ ਧੀ ਦਾ ਫਿਕਰ ਸੀ ਕਿ ਕਿਤੇ ਹੋਰ ਤੋਰਿਆ ਜਾਵੇ। ਨੂੰਹ ਨੇ ਨੰਦ ਕੌਰ ਨੂੰ ਦੱਸਿਆ, 'ਬੇਬੇ ਜੀ! ਮੈਨੂੰ ਮੇਰਾ ਬਾਪੂ ਕਿਤੇ ਹੋਰ ਤੋਰਨ ਨੂੰ ਫਿਰਦੈ। ਤੂੰ ਕਿਸੇ ਰਿਸ਼ਤੇਦਾਰੀ ਵਿੱਚੋਂ ਮੇਰੇ ਲਈ ਥਾਂ ਭਾਲ ਲੈ, ਨਹੀਂ ਤਾਂ ਆਪਣੀ ਤਿੰਨਾਂ ਦੀ ਜੂਨ ਖਰਾਬ ਹੋਜੂਗੀ। ਤੂੰ ਧੀਆਂ ਦੇ ਬਾਰ ਬੈਠੇਂਗੀ, ਇਹ ਜਵਾਕੜੀ ਰੁਲਦੀ ਮੈਥੋਂ ਨ੍ਹੀਂ ਜਰੀ ਜਾਣੀ।' ਤਿੰਨ ਸਾਲ ਤੱਕ ਉਹ ਕੁੜੀ ਮਾਪਿਆਂ ਨੂੰ ਜਵਾਬ ਦਿੰਦੀ ਰਹੀ। ਆਖਰ ਸਾਰੇ ਰਿਸ਼ਤੇਦਾਰਾਂ ਨੇ ਚੰਗਾ ਘਰਾਣਾ ਲੱਭ ਕੇ ਗੱਲ ਚਲਾਈ। ਉਸ ਕੁੜੀ ਨੇ ਸਾਰੀਆਂ ਸੰਗਾਂ ਸ਼ਰਮਾਂ ਲਾਹ ਕੇ ਖੁਦ ਉਨ੍ਹਾਂ ਤੋਂ ਪੁੱਛਿਆ, 'ਜੇ ਮੇਰੀ ਸੱਸ ਦੀ ਆਪਣੀ ਮਾਂ ਬਰਾਬਰ ਸਾਂਭ ਸੰਭਾਲ ਕਰੋਗੇ ਤਾਂ ਹਾਂ ਕਰਿਓ, ਨਹੀਂ ਤਾਂ ਅਸੀਂ ਆਪਦੇ ਘਰੇ ਚੰਗੀਆਂ ਹਾਂ।'

ਕਈਆਂ ਨੇ ਇਸ ਦਾ ਬੁਰਾ ਮਨਾਇਆ ਤੇ ਕਈਆਂ ਨੇ ਸੱਸ ਪ੍ਰਤੀ ਮੋਹ ਦੀ ਪ੍ਰਸੰਸਾ ਕੀਤੀ। ਆਖਰ ਰਿਸ਼ਤਾ ਪੱਕਾ ਹੋ ਗਿਆ ਤੇ ਕੁੜੀ ਨੂੰ ਪੇਕੇ ਘਰੋਂ ਤੋਰਿਆ ਗਿਆ। ਕੁਝ ਸਮੇਂ ਬਾਅਦ ਉਹ ਆਪਣੀ ਸੱਸ ਨੂੰ ਕੋਲ ਲੈ ਗਈ। ਇਕ ਪਾਸੇ ਜਿਥੇ ਨੰਦ ਕੌਰ ਨੂੰ ਆਪਣਾ ਘਰ ਉਜੜਨ ਦੀ ਗਮੀ ਸੀ, ਉਥੇ ਨੂੰਹ ਨੂੰ ਚੰਗਾ ਟਿਕਾਣਾ ਮਿਲਣ ਦਾ ਭਰੋਸਾ ਅਤੇ ਖੁਸ਼ੀ ਸੀ। ਇਸ ਭਲੀ ਲੜਕੀ ਦੀ ਸਿਆਣਪ ਨੇ ਮੁੜ ਤੋਂ ਘਰ ਹਸਦਾ ਵਸਦਾ ਕਰ ਲਿਆ। ਹਦਾਇਤ ਅਨੁਸਾਰ ਮੁੰਡਾ ਖੇਤੋਂ ਆਉਂਦੇ ਸਾਰ ਹੀ ਪਹਿਲਾਂ ਤਾਈ ਨੰਦ ਕੌਰ ਦਾ ਹਾਲ ਪੁੱਛਦਾ ਤੇ ਪਿੱਛੋਂ ਆਪਣੀ ਸਕੀ ਮਾਂ ਦਾ।

ਕੁਝ ਸਾਲ ਪਹਿਲਾਂ ਨੰਦ ਕੌਰ ਦੀ ਪੋਤਰੀ ਦਾ ਵਿਆਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਅਮਰਜੀਤ (ਨੂੰਹ ਦਾ ਫਰਜ਼ੀ ਨਾਂ) ਦੇ ਪਰਵਾਰ ਵੱਲੋਂ ਕੀਤਾ ਗਿਆ। ਮਰਨ ਕਿਨਾਰੇ ਪਈ ਨੰਦ ਕੌਰ ਸ਼ਰੀਕੇ ਕਬੀਲੇ ਨੂੰ ਦੇਖ ਕੇ ਅੰਤਾਂ ਦੀ ਖੁਸ਼ ਹੋਈ, ਪਰ ਵਿਆਹ ਤੋਂ ਥੋੜ੍ਹੇ ਦਿਨ ਮਗਰੋਂ ਉਹ ਚੱਲ ਵਸੀ। ਅਮਰਜੀਤ ਨੇ ਭਾਵੇਂ ਨਵੀਂ ਦੁਨੀਆ ਵਸਾ ਲਈ ਪਰ ਉਸ ਵੱਲੋਂ ਗਰੀਬੀ ਦੀ ਜ਼ਿਲਤ ਦੌਰਾਨ ਵੀ ਸੱਸ ਦੀ ਸੇਵਾ ਟਹਿਲ ਦੇ ਮੱਦੇਨਜ਼ਰ ਉਸ ਪ੍ਰਤੀ ਸਤਿਕਾਰ ਹੁਣ ਵੀ ਪੂਰੇ ਪਿੰਡ ਵਾਸੀਆਂ ਦੇ ਮਨਾਂ ਵਿੱਚ ਹੈ।

# ਸਾਡੇ ਖੂਹ ਉੱਤੇ ਵਸਦਾ ਰੱਬ ਨੀਂ

-ਪ੍ਰੋ. ਹਮਦਰਦਵੀਰ ਨੌਸ਼ਹਿਰਵੀ

ਆਓ ਤੁਹਾਨੂੰ ਵੇਲਿਆਂ ਦੇ ਖੂਹ ਦੀ ਸੈਰ ਕਰਾਈਏ। ਸਾਡੇ ਪਿੰਡ ਦੀ ਦਾਸਕੀ ਪੱਤੀ ਦੇ ਨੇੜੇ ਖੂਹ ਸੀ। ਨੇੜੇ ਹੋਣ ਕਰ ਕੇ ਉਸ ਨੂੰ ਨਿਆਈਆਂ ਵਾਲਾ ਖੂਹ ਕਹਿੰਦੇ ਸਨ। ਉਦੋਂ ਮੈਂ ਪੰਜਵੀਂ ਵਿੱਚ ਪੜ੍ਹਦਾ ਸਾਂ। ਖੇਤਾਂ ਦੀ ਸਿੰਜਾਈ ਦਾ ਉਸ ਸਮੇਂ ਖੂਹ ਹੀ ਮੁੱਖ ਸਾਧਨ ਸੀ। ਵਾਰੀ ਅਨੁਸਾਰ ਖੂਹ ਜੋੜਿਆ ਜਾਂਦਾ। ਕਈ ਵਾਰ ਸਾਡੇ ਖੂਹ ਦੀ ਵਾਰੀ ਦਿਨ ਵੇਲੇ ਆਉਂਦੀ ਸੀ ਤੇ ਕਈ ਵਾਰ ਰਾਤ ਨੂੰ। ਖੇਤਾਂ ਨੂੰ ਸਿੰਜਾਈ ਦੀ ਲੋੜ ਨਹੀਂ ਹੁੰਦੀ ਤਾਂ ਕਈ ਕਈ ਦਿਨ ਖੂਹ ਬੰਦ ਰਹਿੰਦਾ।

ਜਦੋਂ ਖੂਹ ਦੀ ਸਾਡੀ ਵਾਰੀ ਹੁੰਦੀ ਸੀ; ਮੈਂ ਅਕਸਰ ਕਿਤਾਬਾਂ-ਕਾਪੀਆਂ ਲੈ ਕੇ ਖੂਹ ਉੱਤੇ ਚਲਾ ਜਾਂਦਾ ਸਾਂ। ਕਈ ਵਾਰ ਖੂਹ ਚਲਾ ਰਹੇ ਪਿਤਾ ਜੀ ਦਾ ਭੱਤਾ ਲੈ ਕੇ ਜਾਂਦਾ ਸਾਂ। ਸਿਰ ਉੱਤੇ ਇਸ ਨੂੰ ਰੱਖ ਕੇ ਉਪਰ ਲੱਸੀ ਦੀ ਗੜਵੀ ਅਤੇ ਗੜਵੀ ਉਪਰ ਪੌਣੇ ਵਿੱਚ ਬੱਧੀਆਂ ਰੋਟੀਆਂ, ਆਚਾਰ ਜਾਂ ਕੋਈ ਬਿਨਾਂ ਤਰੀ ਤੋਂ ਭੋਨਵੀਂ ਸਬਜ਼ੀ ਵਿੰਗ-ਤੜਿੰਗੀ ਡੰਡੀ ਉੱਤੇ ਮੈਂ ਹੌਲੀ-ਹੌਲੀ ਤੁਰਦਾ। ਪਿਤਾ ਜੀ ਰੋਟੀ ਖਾਂਦੇ ਤੇ ਮੈਂ ਗਾਧੀ ਉੱਤੇ ਬੈਠ ਕੇ ਪੰਜਾਲੀ ਦਿੱਤੇ ਬਲਦਾਂ ਨੂੰ ਹੱਕਦਾ। ਬਲਦਾਂ ਨੂੰ ਪਰਾਣੀ ਦਿਖਾਉਣ ਦੀ ਲੋੜ ਨਹੀਂ ਸੀ। ਦੋਹਾਂ ਅੱਖਾਂ ਉੱਤੇ ਖੋਪੇ ਦਿੱਤੇ ਬਲਦ, ਹੌਲੀ-ਹੌਲੀ ਘੇਰੇ ਵਿੱਚ ਤੁਰਦੇ ਰਹਿੰਦੇ। ਬਲਦਾਂ ਦੇ ਗਲਾਂ ਨੂੰ ਬੱਧੇ ਘੁੰਗਰੂ ਛਣ-ਛਣ ਦਾ ਸੰਗੀਤ ਪੈਦਾ ਕਰਦੇ।

ਆਡ ਵਿੱਚ ਵਗਦਾ ਪਾਣੀ ਹੌਲੀ-ਹੌਲੀ ਤੁਰਦਾ। ਕਈ ਵਾਰ ਪਿਤਾ ਜੀ ਮੈਨੂੰ ਕਿਆਰੇ ਦੇ ਅਖੀਰ ਵਿੱਚ ਬੈਠ ਜਾਣ ਨੂੰ ਕਹਿੰਦੇ ਤਾਂ ਕਿ ਜਦੋਂ ਕਿਆਰਾ ਭਰ ਜਾਵੇ, ਮੈਂ ਪਿਤਾ ਜੀ ਨੂੰ ਪਾਣੀ ਅਗਲੇ ਕਿਆਰੇ ਨੂੰ ਲਾਉਣ ਲਈ ਆਵਾਜ਼ ਦੇ ਦਿਆਂ। ਫਸਲਾਂ ਮੌਲਦੀਆਂ, ਵਿਗਸਦੀਆਂ, ਮੱਕੀ ਦੇ ਟਾਂਡਿਆਂ ਨੂੰ ਛੱਲੀਆਂ ਲੱਗਦੀਆਂ। ਦੂਧੀਆ ਦਾਣੇ ਪੈਂਦੇ। ਛੱਲੀਆਂ ਨੂੰ ਕਾਂ-ਤੋਤੇ ਪੈਂਦੇ। ਮੈਂ ਗੋਪੀਆਂ ਜਾਂ ਗਲੇਲ ਲੈ ਕੇ ਪੰਛੀ ਉਡਾਉਂਦਾ। ਖਾਲੀ ਪੀਪਾ ਵਜਾਉਂਦਾ, ਪੰਛੀਆਂ ਨੂੰ ਡਰਾਉਂਦਾ, ਭਜਾਉਂਦਾ। ਕਈ ਵਾਰੀ ਖੂਹ ਉੱਤੇ ਮੈਨੂੰ ਹਨੇਰਾ ਹੋ ਜਾਂਦਾ। ਚੰਦ ਚੜ੍ਹ ਆਉਂਦਾ। ਆਡ 'ਚ ਮਸਤ ਚਾਲੇ ਤੁਰ ਰਹੇ ਪਾਣੀ ਦੇ ਨਾਲ-ਨਾਲ ਚੰਦ-ਚਾਂਦਨੀ ਤੁਰਦੀ ਲੱਗਦੀ। ਸਾਂਝੀ ਕਾਮਾ ਮੈਨੂੰ ਘਰ ਛੱਡ ਆਉਂਦਾ।
ਖੂਹ ਦੀ ਬਣਤਰ ਕੁਝ ਇਸ ਤਰ੍ਹਾਂ ਸੀ; ਖਿੰਗਾਰਾਂ ਵਾਲੀ ਮਿੱਟੀ ਦੇ ਬਣੇ ਕਰੀਬ ਦਸ ਫੁੱਟ ਦੇ ਉੱਚੇ, ਉੱਚੇ ਦੋ ਸਮਾਂਤਰ ਚੰਨੇ ਸਨ। ਦੋਵਾਂ ਚੰਨਿਆਂ ਵਿੱਚ ਫਾਸਲਾ ਕਰੀਬ ਵੀਹ ਫੁੱਟ ਦਾ ਸੀ। ਚੰਨਿਆਂ ਉਤੇ ਮੋਟਾ ਭਾਰਾ ਕਿੱਕਰ ਜਾਂ ਜੰਡ ਦਾ ਤਕੜਾ ਮੋਛਾ ਫਿੱਟ ਕੀਤਾ ਹੋਇਆ ਸੀ। ਵਿਚਾਲੇ ਦੋ ਗਰਾਰੀਦਾਰ, ਲੋਹੇ ਦੇ ਜਾਂ ਲੱਕੜ ਦੇ ਵੱਡੇ ਢੋਲ ਹੁੰਦੇ ਸਨ। ਵਿਚਾਲੇ ਧੁਰਾ ਜਾਂ ਕਾਂਜਣ ਹੁੰਦਾ ਸੀ। ਝੋਲ ਵਾਲੀ ਲੱਕੜ ਦੇ ਸਿਰੇ 'ਤੇ ਗਾਧੀ ਹੁੰਦੀ ਸੀ। ਖੂਹ ਚਲਦਾ ਸੀ। ਵੱਡੇ ਢੋਲ ਤੇ ਥੋੜ੍ਹਾ ਨਿੱਕੇ ਡੋਲ ਦੀਆਂ ਗਰਾਰੀਆਂ ਇੱਕ-ਦੂਜੀ ਵਿੱਚ ਫਸ ਕੇ ਢੋਲਾਂ ਨੂੰ ਹਰਕਤ ਵਿੱਚ ਲਿਆਉਂਦੀਆਂ ਸਨ।

ਬੈੜ ਉਪਰ ਮ੍ਹਾਲ ਨਾਲ ਬੱਧੀਆਂ ਟਿੰਡਾਂ ਹੁੰਦੀਆਂ ਸਨ। ਖੂਹ ਗਿੜਦਾ। ਮ੍ਹਾਲ ਚਲਦੀ। ਉੱਤੇ ਫਿੱਟ ਕੀਤੀਆਂ ਟਿੰਡਾਂ ਖੂਹ ਦੇ ਪਾਣੀਆਂ ਜਾਂਦੀਆਂ। ਟਿੰਡਾਂ ਪਾਣੀ ਨਾਲ ਭਰ ਕੇ ਚੇਨ ਦੇ ਸਹਾਰੇ ਉਪਰ ਨੂੰ ਆਉਂਦੀਆਂ। ਪਾਣੀ ਪਾੜਛੇ ਵਿੱਚ ਸੁੱਟਦੀਆਂ ਤੇ ਫੇਰ ਹੇਠਾਂ ਖੂਹ ਵਿੱਚ ਚਲੀਆਂ ਜਾਂਦੀਆਂ। ਪਾੜਛੇ ਦਾ ਪਾਣੀ ਲੋਹੇ ਦੇ ਪਨਾਲੇ ਰਾਹੀਂ ਔਲੂ ਵਿੱਚ ਡਿੱਗਦਾ। ਆਡ ਰਾਹੀਂ ਪੈਲੀ ਵੱਲ ਜਾਂਦਾ। ਕਿਸੇ ਸੰਕਟ ਸਮੇਂ ਖੂਹ ਕਿਤੇ ਪੁੱਠਾ ਨਾ ਗਿੜਨ ਲੱਗ ਪਏ, ਇਸ ਖਾਤਰ ਕੁੱਤਾ ਫਿੱਟ ਕੀਤਾ ਜਾਂਦਾ ਸੀ। ਖੂਹ ਚੱਲਦਾ ਤਾਂ ਕੁੱਤਾ ਟਿਕ-ਟਿਕ ਦੀ ਆਵਾਜ਼ ਦਿੰਦਾ।
ਕੁੱਤੇ ਦੀ ਟਿਕ-ਟਿਕ ਦੀ ਆਵਾਜ਼। ਪਾੜਛੇ ਵਿੱਚ ਡਿੱਗਦੇ ਪਾਣੀ ਦੀ ਛਰ-ਛਰ ਦੀ ਸੁਰ, ਆਡ ਵਿੱਚ ਚੱਲਦੇ ਪਾਣੀ ਦੀ ਸਾਂ-ਸਾਂ ਦੀ ਕਨਸੋਅ, ਰੁੱਖਾਂ ਦੇ ਪੱਤਿਆਂ ਦੀ ਖੜ-ਖੜ ਦੀ ਆਵਾਜ਼, ਬਲਦਾਂ ਦੇ ਘੁੰਗਰੀਆਂ ਦੀ ਛਣਕਾਰ, ਮੱਝਾਂ ਚਾਰਦੇ ਵਾਗੀ ਮੁੰਡੇ ਦੇ ਹੇਠਾਂ ਉੱਤੇ ਹੀਰ ਦੀ ਲੰਮੀ ਹੇਕ, ਕਸੀਦਾ ਕੱਢਦੀਆਂ ਕੁੜੀਆਂ ਦੇ ਗੀਤਾਂ ਦੀ ਮਧੁਰ ਆਵਾਜ਼, ਸੱਤ ਆਵਾਜ਼ਾਂ ਮਿਲ ਕੇ ਸਤਰੰਗੀ ਪੀਂਘ ਨੂੰ ਜਾ ਗਲਵੱਕੜੀ ਪਾਉਂਦੀ। ਖੂਹ ਦੇ ਦੋਵਾਂ ਚੰਨਿਆਂ ਤੋਂ ਥੋੜ੍ਹੀ ਦੂਰੀ 'ਤੇ ਪਿੱਪਲ ਤੇ ਬੋਹੜ ਦਾ ਜੋੜਾ ਸੀ। ਪਿੱਪਲ ਤੇ ਬੋਹੜ ਦਾ ਇੱਕ ਜੋੜਾ ਚੰਨੇ ਦੇ ਇੱਕ ਪਾਸੇ ਤੇ ਦੂਜਾ ਜੋੜਾ ਚੰਨੇ ਦੇ ਦੂਜੇ ਪਾਸੇ। ਇਹ ਚਾਰੇ ਬਿਰਖ ਬਹੁਤ ਘਣੇ, ਫੈਲੇ ਹੋਏ ਤੇ ਸੰਘਣੀ ਛਾਂ ਦਿੰਦੇ ਸਨ। ਉਪਰੋਂ ਆਪਸ ਵਿੱਚ ਇਨ੍ਹਾਂ ਪਿੱਪਲਾਂ ਦੇ ਬੋਹੜਾਂ ਨੇ ਗਲਵੱਕੜੀ ਪਾਈ ਸੀ। ਇਨ੍ਹਾਂ ਬਿਰਖਾਂ ਉੱਤੇ ਪੰਛੀ ਬੈਠਦੇ, ਆਲ੍ਹਣੇ ਬਣਾਉਂਦੇ, ਗੁਫਤਗੂ ਕਰਦੇ, ਗਾਉਂਦੇ।

ਖੂਹ ਕਿਉਂਕਿ ਪਿੰਡ ਦੇ ਬਹੁਤ ਨੇੜੇ ਸੀ, ਤੀਆਂ ਦੀ ਰੁੱਤੇ ਇਥੇ ਕੁੜੀਆਂ ਵੀ ਆ ਜਾਂਦੀਆਂ। ਬਿਰਖਾਂ ਨਾਲ ਪੀਂਘਾਂ ਪਾਉਂਦੀਆਂ। ਪੀਂਘਾਂ ਚੜ੍ਹਾਉਂਦੀਆਂ। ਅਸਮਾਨ ਦੀ ਛੱਤ ਨਾਲ ਜਾ ਲਮਕਦੀਆਂ। ਕਈ ਕੁੜੀਆਂ ਉੱਤੇ ਨੂੰ ਉਡ ਜਾਣਾ ਚਾਹੁੰਦੀਆਂ, ਅਸਮਾਨੀ ਬੱਦਲਾਂ ਵਿੱਚ ਸਮਾ ਜਾਣਾ ਚਾਹੁੰਦੀਆਂ। ਭਾਗਾਂ ਵਾਲੇ ਘਰੀਂ ਵਰ੍ਹੇ ਪੈਣਾ ਚਾਹੁੰਦੀਆਂ। ਕੁੜੀਆਂ ਪਿੱਪਲਾਂ, ਬੋਹੜਾਂ ਦੀ ਛਾਵੇਂ ਬੈਠ ਕੇ ਕੁਝ ਬੁਣਦੀਆਂ, ਕੁਝ ਕੱਢਦੀਆਂ-ਛਿੱਕੂ, ਟੋਕਰੀ, ਪਟਾਰੀ, ਪੱਖੀਆਂ, ਨਾਲੇ, ਪਰਾਂਦੇ, ਪੀਹੜੀ, ਮੂਹੜਾ, ਫੁਲਕਾਰੀ,



ਸਿਰਹਾਣੇ, ਤਾਹਰੂ, ਮਖੇਰਨਾ, ਖੋਪੇ, ਬਾਗ, ਰੁਮਾਲ, ਚਾਦਰਾਂ। ਕੁੜੀਆਂ ਔਲੂ ਵਿੱਚ ਕੱਪੜੇ ਧੋਂਦੀਆਂ, ਨਾਲੇ ਗਾਉਂਦੀਆਂ। ਖੂਹ ਜਿਹੜਾ ਕਈ ਰੰਗਾਂ ਵਿੱਚ ਮਹਿਕਦਾ ਸੀ-ਹੱਸਦਾ ਸੀ, ਖੇਡਦਾ ਸੀ। ਖੂਹ ਜਿੱਥੇ ਕਦੀ ਪਤਝੜ ਨਹੀਂ ਸੀ ਆਈ, ਸਦਾ ਬਹਾਰ ਰਹਿੰਦੀ ਸੀ। ਜਿੱਥੇ ਪਿੰਡੋਂ ਬਾਹਰ ਇੱਕ ਨਿੱਕਾ ਜਿਹਾ ਪਿੰਡ ਵਸਦਾ ਸੀ।
ਕਈ ਸਾਲ ਬੀਤੇ ਇਹ ਖੂਹ ਵੀਰਾਨ ਹੈ, ਉਜਾੜ ਹੈ, ਉਦਾਸ ਹੈ। ਪਿੱਪਲਾਂ, ਬੋਹੜਾਂ ਦੇ ਜੋੜੇ ਨਹੀਂ ਰਹੇ। ਨਾ ਹੀ ਮਾਨਵੀ ਜੋੜੇ ਖੁਸ਼ ਹਨ। ਪਤਾ ਨਹੀਂ ਕਿੱਥੇ ਚਲੇ ਗਏ ਚੰਨੇ, ਢੋਲ, ਲੱਠ, ਮ੍ਹਾਲ, ਟਿੰਡਾਂ, ਪਾੜਛਾ। ਪਿੰਡ ਵਿੱਚ ਕੁੱਤੇ ਤਾਂ ਬਹੁਤ ਭੌਂਕਦੇ ਹਨ-ਵੱਢਦੇ ਵੀ ਹਨ। ਖੂਹ ਦੀ ਟਿਕ-ਟਿਕ ਕਰ ਕੇ ਸੰਗੀਤਕ ਆਵਾਜ਼ ਕੱਢਣ ਵਾਲਾ ਕੁੱਤਾ ਦੇਰ ਦਾ ਚੁੱਪ ਹੈ। ਖੂਹ ਨਹੀਂ, ਹੁਣ ਹਨੇਰੀ ਖਡੱਲ ਹੈ, ਜਿਸ ਦੀਆਂ ਕੰਧਾਂ ਵਿੱਚ ਪਿੱਪਲ ਤੇ ਬੋਹੜ ਉਗ ਪਏ ਹਨ। ਵੀਰਾਨ ਖੂਹ ਵਿੱਚ ਭੋਰਾ ਪਾਣੀ ਨਹੀਂ। ਸੌ ਸਾਲਾ ਬਿਰਧ ਬਾਬੇ ਦੀਆਂ ਡੂੰਘੀਆਂ ਅੱਖਾਂ ਵਿੱਚ ਥੋੜ੍ਹੇ ਜਿਹੇ ਹੰਝੂਆਂ ਜਿੰਨਾ ਵੀ ਪਾਣੀ ਨਹੀਂ। ਤਾਣੇ ਉਲਝ ਗਏ ਹਨ। ਧਾਗੇ ਟੁੱਟ ਗਏ ਤੇ ਰੰਗ ਖੁਰ ਗਏ ਹਨ। ਹੁਣ ਇਹ ਗੀਤ ਕੁੜੀਆਂ ਦੇ ਬੁੱਲ੍ਹਾਂ 'ਤੋਂ ਆਉਣੇ ਸੰਗਦਾ ਹੈ, 'ਬਣ ਠਣ ਨੀਂ, ਸੱਜ ਫਬ ਨੀਂ, ਸਾਡੇ ਖੂਹ ਉੱਤੇ ਵਸਦਾ ਰੱਬ ਨੀਂ।'

# ਅੱਲੇ ਜ਼ਖਮਾਂ ਉਤੇ ਕਦੇ ਅੰਗੂਰ ਨਹੀਂ ਆਉਣਾ

-ਕੁਲਮਿੰਦਰ ਕੌਰ

ਆਪਣੇ ਜੀਵਨ ਕਾਲ ਦੇ ਪਹਿਲੇ ਦਹਾਕਿਆਂ ਵਿੱਚ ਮੈਂ ਮੌਤ ਦੇ ਸੰਕਲਪ ਬਾਰੇ ਕਦੇ ਸੰਜੀਦਗੀ ਨਾਲ ਨਹੀਂ ਸੀ ਵਿਚਾਰਿਆ। ਕਿਸੇ ਨੇੜਲੇ ਰਿਸ਼ਤੇਦਾਰ ਜਾਂ ਪਿੰਡ ਵਿੱਚ ਕਿਸੇ ਦੀ ਮੌਤ ਹੋਣ 'ਤੇ ਮੈਂ ਇਹ ਜਾਣਨ ਦੀ ਕੋਸ਼ਿਸ਼ ਜ਼ਰੂਰ ਕਰਦੀ ਕਿ ਇਸ ਅਣਹੋਣੀ ਦਾ ਸਬੱਬ ਕੀ ਬਣਿਆ? ਆਮ ਤੌਰ ਉੱਤੇ ਇਹੀ ਸੁਣਨ 'ਚ ਆਉਂਦਾ ਕਿ 'ਕਈ ਦਿਨ ਬੁਖਾਰ ਚੜ੍ਹਦਾ ਰਿਹਾ, ਬਥੇਰੇ ਓਹੜ ਪੋੜ੍ਹ ਕੀਤੇ, ਸ਼ਹਿਰ ਵੀ ਲੈ ਕੇ ਗਏ, ਪਰ ਜਦੋਂ ਬੁਲਾਵਾ ਆ ਜਾਵੇ ਉਪਰ ਵਾਲੇ ਦਾ ਤਾਂ ਬੰਦੇ ਦੇ ਕੀ ਵੱਸ।' ਜਨਮ ਦਾ ਇਕੋ ਢੰਗ ਹੈ, ਮਰਨ ਦੇ ਕਈ ਢੰਗ ਸਾਹਮਣੇ ਹਨ। ਕੁਦਰਤੀ ਜਾਂ ਸੁਭਾਵਿਕ ਮੌਤ ਨੂੰ ਜਲਦੀ ਸਵੀਕਾਰ ਲਿਆ ਜਾਂਦਾ ਹੈ, ਪਰ ਹੋਰ ਅਣਿਆਈ ਮੌਤਾਂ ਵੀ ਹੁੰਦੀਆਂ ਹਨ। ਜ਼ਿੰਦਗੀ ਤੇ ਮੌਤ ਦਾ ਫਾਸਲਾ ਤਾਂ ਪਲ ਛਿਣ 'ਚ ਮਿਟ ਜਾਂਦਾ ਹੈ। ਸਾਹ ਚੱਲਦਾ ਹੈ ਤਾਂ ਜ਼ਿੰਦਗੀ ਹੈ, ਨਬਜ਼ ਰੁਕ ਗਈ ਤਾਂ ਬੰਦਾ ਮੁੱਕ ਜਾਂਦਾ ਹੈ।

ਇਸ ਦਾ ਅਹਿਸਾਸ ਮੇਰੀਆਂ ਅੱਖਾਂ ਸਾਹਮਣੇ ਬੜੀ ਪਿਆਰੀ, ਮੋਹਵੰਤੀ, ਮੇਰੇ ਨਾਲ ਧੀ ਦਾ ਰਿਸ਼ਤਾ ਨਿਭਾ ਰਹੀ ਇਕ ਕੁਲੀਗ ਅਧਿਆਪਕਾ ਨਾਲ ਵਾਪਰੀ ਘਟਨਾ ਨੇ ਕਰਾ ਦਿੱਤਾ। ਬਾਰਾਂ ਤੇਰ੍ਹਾਂ ਸਾਲ ਪਹਿਲਾਂ ਫਰੀਦਕੋਟ ਤੋਂ 20 ਕਿਲੋਮੀਟਰ ਦੂਰ ਇਕ ਸਕੂਲ 'ਚ ਮੇਰੀ ਨੌਕਰੀ ਦੇ ਅੰਤਿਮ ਸਾਲ ਸਨ, ਜਿਥੋਂ ਮੈਂ ਰਿਟਾਇਰ ਹੋਈ। ਹਿੰਦੀ ਟੀਚਰ ਨੀਤਿਕਾ ਦੀ ਪਹਿਲੀ ਨਿਯੁਕਤੀ ਇਥੇ ਹੋਈ ਸੀ। ਇਹ ਵਿਸ਼ਾ ਅਮੂਮਨ ਪਿੰਡ ਦੇ ਬੱਚਿਆਂ ਨੂੰ ਔਖਾ ਸਮਝ ਆਉਂਦਾ ਹੈ। ਉਹ ਬੜੀ ਮਿਹਨਤ ਤੇ ਲਗਨ ਨਾਲ ਪੜ੍ਹਾਉਂਦੀ ਤੇ ਉਨ੍ਹਾਂ 'ਚ ਇਸ ਵਿਸ਼ੇ ਪ੍ਰਤੀ ਲਗਾਵ ਤੇ ਰੁਚੀ ਪੈਦਾ ਕਰਨ ਦੀ ਪੂਰੀ ਵਾਹ ਲਾਉਂਦੀ। ਦੋ ਭਰਾਵਾਂ ਦੀ ਇਕਲੌਤੀ ਭੈਣ, ਪਰ ਮਾਂ ਦੇ ਪਿਆਰ ਤੋਂ ਵਿਹੂਣੀ ਨੀਤਿਕਾ ਵਿਹਲੇ ਸਮੇਂ 'ਚ ਕਈ ਸਮਾਜਿਕ ਤੇ ਘਰੇਲੂ ਮਸ਼ਵਰਿਆਂ 'ਚ ਮੇਰੀ ਸਲਾਹ ਲੈਂਦੀ। ਬਹੁਤ ਸਿਆਣੀ ਅਤੇ ਘੱਟ ਉਮਰ ਦੀ ਹੋਣ ਨਾਤੇ ਸਾਰੇ ਸਟਾਫ ਦਾ ਮੋਹ ਬਟੋਰਦੀ ਸੀ। ਸਕੂਲ ਦੇ ਹਰ ਕੰਮ 'ਚ ਦਿਲਚਸਪੀ ਰੱਖਦੀ ਤੇ ਕੁਝ ਨਵਾਂ ਸਿੱਖਣ ਦੀ ਕੋਸ਼ਿਸ਼ ਕਰਦੀ।
ਰੋਜ਼ ਦੀ ਤਰ੍ਹਾਂ ਇਕ ਦਿਨ ਛੁੱਟੀ ਤੋਂ ਬਾਅਦ ਅਸੀਂ ਸਕੂਲ ਗੇਟ ਤੋਂ ਬਾਹਰ ਇਕ ਮਿੰਨੀ ਬੱਸ ਦੀ ਉਡੀਕ ਵਿੱਚ ਖੜੇ ਸਾਂ। ਕੁਝ ਸਮਾਂ ਇੰਤਜ਼ਾਰ ਕਰਕੇ ਅਸੀਂ ਇਕ ਖਾਲੀ ਆਏ ਟੈਂਪੂ ਵਿੱਚ ਬੈਠ ਗਏ। ਮੁੱਖ ਸੜਕ ਉੱਤੇ ਚੜ੍ਹਨ ਤੋਂ ਪਹਿਲਾਂ ਕੋਈ ਦੋ ਕਿਲੋਮੀਟਰ ਲਿੰਕ ਰੋਡ ਹੈ, ਜਿਥੇ ਮੁਰੰਮਤ ਦਾ ਕੰਮ ਚੱਲ ਰਿਹਾ ਸੀ ਤੇ ਕਈ ਦਿਨਾਂ ਤੋਂ ਉਥੇ ਪੱਥਰ ਖਿਲਰੇ ਪਏ ਸਨ। ਨੀਤਿਕਾ ਆਪਣੀ ਸਹੇਲੀ ਨਾਲ ਅੱਗੇ ਡਰਾਈਵਰ ਦੀ ਸੀਟ 'ਤੇ ਬਾਹਰਵਾਰ ਬੈਠੀ ਸੀ। ਸਾਵਧਾਨੀ ਦੇ ਤੌਰ 'ਤੇ ਅੱਗੇ ਇਕ ਹੈਂਡਲ ਨੂੰ ਫੜ ਕੇ ਰੱਖਣਾ ਚਾਹੀਦਾ ਹੈ। ਸਾਰੇ ਗੱਲਾਂ ਕਰਦੇ ਹੱਸਦੇ ਹਸਾਉਂਦੇ ਜਾ ਰਹੇ ਸਾਂ ਕਿ ਟੈਂਪੂ ਅੱਗੇ ਇਕ ਵੱਡਾ ਪੱਥਰ ਆ ਗਿਆ। ਇਹ ਜ਼ੋਰ ਦੀ ਉਛਲਿਆ ਤੇ ਨੀਤਿਕਾ ਬੁੜ੍ਹਕ ਕੇ ਬਾਹਰ ਸੜਕ 'ਤੇ ਹਟਵਾਂ ਡਿੱਗ ਪਈ। ਸਿੱਧੀ ਚੁਫਾਲ ਪਈ ਸੀ। ਸਾਰੇ ਉਤਰ ਕੇ ਪਿੱਛੇ ਨੂੰ ਦੌੜੇ। ਉਹ ਬੇਸੁਰਤ ਪਈ ਸੀ। ਚੁੱਕ ਕੇ ਟੈਂਪੂ ਦੀ ਸੀਟ 'ਤੇ ਲਿਟਾਇਆ ਤੇ ਸਿਰ ਮੇਰੀ ਗੋਦੀ 'ਚ ਸੀ। ਮੂੰਹ 'ਚ ਪਾਣੀ ਪਾਉਣ ਦੀ ਕੋਸ਼ਿਸ਼ ਕੀਤੀ, ਪਰ ਸਮਝ ਨਾ ਆਵੇ, ਕੀ ਬਣਿਆ ਹੈ? ਡਰਾਈਵਰ ਨੂੰ ਹੁਸ਼ਿਆਰੀ ਤੇ ਕੁਝ ਤੇਜ਼ੀ ਨਾਲ ਚੱਲਣ ਨੂੰ ਕਿਹਾ।

ਮੁੱਖ ਸੜਕ 'ਤੇ ਪਹੁੰਚ ਕੇ ਕਸਬੇ ਦੇ ਡਾਕਟਰ ਤੋਂ ਸਲਾਹ ਲਈ। ਉਸ ਨੇ ਫਰੀਦਕੋਟ ਮੈਡੀਕਲ ਹਸਪਤਾਲ ਪਹੁੰਚਣ ਨੂੰ ਕਿਹਾ, ਜੋ ਇਸੇ ਰੋਡ 'ਤੇ ਸੀ। ਰਸਤੇ 'ਚ ਐਸ ਟੀ ਡੀ ਤੋਂ ਨੀਤਿਕਾ ਦੇ ਘਰ ਫੋਨ ਕਰ ਦਿੱਤਾ। ਅਸੀਂ ਉਸ ਨੂੰ ਕਦੇ ਬੁਲਾਉਂਦੇ, ਹੱਥ ਪੈਰ ਮਲਦੇ, ਨਬਜ਼ ਟੋਂਹਦੇ ਤੇ ਰੱਬ ਅੱਗੇ ਅਰਦਾਸਾਂ ਕਰੀ ਜਾ ਰਹੇ ਸਾਂ। ਕੁੜੀ ਦੇ ਨਾਂ ਕੋਈ ਝਰੀਟ ਤੇ ਨਾ ਕਿੱਧਰੇ ਖੂਨ ਵਹਿ ਰਿਹਾ ਸੀ। ਬਸ ਅਹਿਲ ਪਈ ਸੀ। ਅਸੀਂ ਆਪਸ ਵਿੱਚ ਹਾਂ ਤੇ ਕਦੇ ਨਾਂਹ ਵਾਚਕ ਇਸ਼ਾਰੇ ਕਰੀ ਜਾਂਦੇ। ਹਸਪਤਾਲ ਪਹੁੰਚੇ ਡਾਕਟਰਾਂ ਨੇ ਆਕਸੀਜਨ ਲਗਾਈ, ਦਿਲ 'ਤੇ ਹੱਥਾਂ ਅਤੇ ਮਸ਼ੀਨ ਨਾਲ ਕਈ ਧੱਫੇ ਜਿਹੇ ਮਾਰੇ। ਥੋੜ੍ਹੀ ਦੇਰ ਬਾਅਦ ਡਾਕਟਰ ਨੇ ਐਲਾਨ ਕਰ ਦਿੱਤਾ ਕਿ ਇਸ ਦੀ ਮੌਤ ਘਟਨਾ ਵਾਲੀ ਥਾਂ 'ਤੇ ਹੀ ਦਿਲ ਫੇਲ੍ਹ ਹੋਣ ਕਾਰਨ ਹੋ ਗਈ ਸੀ। ਪਰਵਾਰ ਵਾਲੇ ਪਹੁੰਚ ਚੁੱਕੇ ਸਨ।

ਦੋ ਭਰਾਵਾਂ ਦੀ ਲਾਡਲੀ ਭੈਣ ਅੱਜ ਘਰ ਪਹੁੰਚਣ ਦੀ ਬਜਾਏ ਸਦੀਵੀ ਵਿਛੋੜਾ ਦੇ ਗਈ ਤੇ ਵਿਯੋਗ 'ਚ ਉਹ ਧਾਹਾਂ ਮਾਰਦੇ ਡਾਕਟਰਾਂ ਦੇ ਮਗਰ ਵਾਹੋ-ਦਾਹੀ ਭੱਜੇ ਫਿਰਦੇ ਸਨ। ਸਾਡੇ ਤੋਂ ਵਾਪਰੀ ਘਟਨਾ ਬਾਰੇ ਸਵਾਲ 'ਤੇ ਸਵਾਲ ਪੁੱਛ ਰਹੇ ਸਨ। ਬਿਰਧ ਬਾਪ ਦਿਲ 'ਚ ਉਠਦੇ ਵੈਰਾਗ ਤੇ ਉਬਾਲ ਨੂੰ ਅੰਦਰ ਸਮਾਂ ਕੇ ਹੁਣ ਮੌਕਾ ਸੰਭਾਲਣ 'ਚ ਲੱਗ ਗਿਆ। ਇਸ ਬਾਪ ਨੇ ਮਾਂ ਬਣ ਕੇ ਧੀ ਨੂੰ ਪਾਲਿਆ ਪੋਸਿਆ ਤੇ ਆਪਣੀ ਕਸ਼ਮਕਸ਼ ਭਰੀ ਜ਼ਿੰਦਗੀ 'ਚ ਉਸ ਨੂੰ ਇਸ ਮੁਕਾਮ 'ਤੇ ਪੁਚਾ ਕੇ ਜ਼ਿੰਦਗੀ ਸਫਲ ਸਮਝਦਾ ਸੀ। ਉਚ ਤਾਲੀਮ ਯਾਫਤਾ ਬਣਾ ਕੇ ਉਸ ਨੂੰ ਸੁਲਝੀ ਹੋਈ ਸੂਝਵਾਨ, ਪਿੰਡਾਂ ਦੇ ਬੱਚਿਆਂ 'ਚ ਵਿੱਦਿਆ ਦਾ ਚਾਨਣ ਬਿਖੇਰਦੀ ਹੋਣਹਾਰ ਅਧਿਆਪਕਾ ਵੇਖ ਅੰਤਾਂ ਦਾ ਮਾਣ ਕਰਦਾ।

ਹੁਣ ਉਹ ਬਾਪ ਰਾਤ ਦਿਨ ਆਪਣੀ ਧੀ ਲਈ ਚੰਗਾ ਵਰ ਲੱਭ ਕੇ ਬੜੀਆਂ ਸੱਧਰਾਂ ਨਾਲ ਉਸ ਦੀ ਡੋਲੀ ਸਜਾ ਕੇ ਘਰੋਂ ਵਿਦਾ ਕਰਨ ਦੇ ਸੁਪਨੇ ਲੈਂਦਾ ਸੀ। ਉਸ ਦੇ ਸੁਪਨਿਆਂ ਦਾ ਅੰਤ ਧੀ ਦਾ ਦੁਨੀਆ ਤੋਂ ਰੁਖਸਤੀ ਤੇ ਅੰਤਿਮ ਵਿਦਾਇਗੀ ਦੇ ਰੂਪ 'ਚ ਹੋਇਆ। ਧੀ ਨੂੰ ਡੋਲੀ ਦੀ ਥਾਂ ਅਰਥੀ ਨਸੀਬ ਹੋਈ ਸੀ, ਜੋ ਪਲ ਛਿਣ 'ਚ ਜ਼ਿੰਦਗੀ ਦਾ ਸਫਰ ਅੱਧਵਾਟੇ ਛੱਡ ਕੇ ਪਤਾ ਨਹੀਂ ਕਿਸ ਦੁਨੀਆ ਵੱਲ ਤੁਰ ਪਈ। ਅਣਗੌਲੀ ਸੜਕ 'ਤੇ ਕਈ ਦਿਨਾਂ ਤੋਂ ਖਿਲਰਿਆ ਪਿਆ ਪੱਥਰ ਇਕ ਅਨਮੋਲ ਜ਼ਿੰਦਗੀ ਦਾ ਕਾਲ ਰੂਪ ਹੋ ਨਿਬੜਿਆ।
ਇਹ ਮਲੂਕੜੀ ਜਿਹੀ ਮੁਟਿਆਰ, ਜੋ ਸਾਡੀ ਇੰਚਾਰਜ ਪ੍ਰਿੰਸੀਪਲ ਤੋਂ ਲੈ ਕੇ ਸਾਰੇ ਸਟਾਫ ਦੀ ਚਹੇਤੀ ਕੁਲੀਗ ਤੇ ਵਿਦਿਆਰਥੀਆਂ ਦੀ ਹਰਮਨ ਪਿਆਰੀ, ਮਿੱਠ ਬੋਲੜੀ ਅਧਿਆਪਕਾ ਨੂੰ ਅਸੀਂ ਸਾਰੇ ਪੂਰੀ ਵਾਹ ਲਗਾ ਕੇ ਵੀ ਮੌਤ ਦੇ ਜ਼ਾਲਮ ਪੰਜੇ ਵਿੱਚੋਂ ਨਹੀਂ ਬਚਾ ਸਕੇ। ਥੋੜ੍ਹਾ ਸਮਾਂ ਪਾ ਕੇ ਸਕੂਲ 'ਚ ਨੀਤਿਕਾ ਦੇ ਲਈ ਅਖੰਡ ਪਾਠ ਕਰਾਇਆ ਗਿਆ। ਹਰ ਇਕ ਨੇ ਨਮ ਅੱਖਾਂ ਨਾਲ ਸ਼ਰਧਾਂਜਲੀ ਭੇਟ ਕੀਤੀ। ਪਰਵਾਰ ਵਾਲਿਆਂ ਨੇ ਉਸ ਦੀ ਸਾਰੀ ਜਮ੍ਹਾਂ ਪੂੰਜੀ 'ਚੋਂ ਇਕ ਕਮਰਾ ਬਣਾਉਣ ਦਾ ਐਲਾਨ ਕੀਤਾ। ਸਾਰਾ ਸਕੂਲ ਉਦਾਸ ਸੀ। ਵਿਦਿਆਰਥੀਆਂ ਦੇ ਅੱਥਰੂ ਨਹੀਂ ਸੀ ਰੁਕ ਰਹੇ।
ਮੈਂ ਉਸ ਦਿਨ ਤਸੱਵਰ ਕੀਤਾ ਕਿ ਕਾਸ਼! ਇਹੋ ਜਿਹੇ ਸ਼ਰਧਾਂਜਲੀ ਸਮਾਰੋਹ ਕੋਈ ਨਾ ਹੰਢਾਏ, ਪਰ ਅਫਸੋਸ ਹੈ ਕਿ ਅੱਜ ਵੀ ਸੜਕਾਂ ਦੀ ਹਾਲਤ ਤੇ ਆਵਾਜਾਈ ਦੇ ਪ੍ਰਬੰਧਾਂ 'ਚ ਨਿੱਘਰ ਚੁੱਕੇ ਸਿਸਟਮ ਦੀ ਗਵਾਹੀ ਪੰਜਾਬ 'ਚ ਵੱਡੇ ਪੱਧਰ 'ਤੇ ਹੋ ਰਹੇ ਸੜਕ ਹਾਦਸੇ ਭਰ ਰਹੇ ਹਨ। ਕੋਈ ਅਜਿਹਾ ਦਿਨ ਨਹੀਂ, ਜਦੋਂ ਕਿਧਰੇ ਹਾਦਸਿਆਂ ਦੀ ਖਬਰ ਪੜ੍ਹੀ ਸੁਣੀ ਨਾ ਹੋਵੇ। ਪੂਰਾ ਭਰਿਆ ਪਰਵਾਰ, ਪ੍ਰਤਿਭਾਵਾਨ ਸ਼ਖਸੀਅਤਾਂ, ਅਨਮੁੱਲੀਆਂ ਜਾਨਾਂ ਐਵੇਂ ਅਣਿਆਈ ਮੌਤ ਹਵਾਲੇ ਹੋ ਰਹੀਆਂ ਹਨ। ਲੰਘੇ ਸਾਲ 10 ਦਸੰਬਰ ਨੂੰ ਅਖਬਾਰ ਦੀ ਮੁੱਖ ਸੁਰਖੀ ਹੇਠ ਛਪੀ ਖਬਰ 'ਧੁੰਦ ਬਣੀ ਕਾਲ, ਸੜਕ ਹਾਦਸੇ 'ਚ 12 ਅਧਿਆਪਕਾਂ ਦੀ ਮੌਤ' ਪੜ੍ਹ ਕੇ ਇਕ ਵੇਰ ਫਿਰ ਮੇਰਾ ਮਨ ਝੰਜੋੜਿਆ ਗਿਆ ਸੀ।

ਚੌਗਿਰਦੇ ਫੈਲੀ ਅਪਰਾਦਰਸ਼ਿਤਾ ਵਿੱਚ ਵੀ ਮੰਜ਼ਿਲ 'ਤੇ ਪਹੁੰਚਣ ਦੀ ਕਾਹਲੀ ਵਿੱਚ ਤੇਜ਼ ਰਫਤਾਰ ਨਾਲ ਅਗਲੇ ਵਾਹਨ ਨੂੰ ਓਵਰਟੇਕ ਕਰਦਿਆਂ ਇਹ ਹਾਦਸਾ ਵਾਪਰਿਆ। 25 ਸਾਲਾ ਤੇਜਿੰਦਰ ਕੌਰ ਦਾ ਕੁਝ ਦਿਨ ਪਹਿਲਾਂ ਵਿਆਹ ਹੋਇਆ ਸੀ ਤੇ ਇਕ ਟੀਚਰ ਸੱਤ ਮਹੀਨੇ ਦੀ ਗਰਭਵਤੀ ਸੀ। ਦੇਸ਼ ਦਾ ਭਵਿੱਖ ਸੰਵਾਰਨ ਜਾ ਰਹੀਆਂ ਪ੍ਰਤਿਭਾਵਾਨ ਸ਼ਖਸੀਅਤਾਂ ਦਾ ਜੀਵਨ ਸਫਰ ਪਲਾਂ 'ਚ ਸੜਕ ਹਾਦਸੇ ਦੀ ਭੇਟ ਚੜ੍ਹ ਗਿਆ ਸੀ। ਇਹ ਦਿਲ ਦਹਿਲਾ ਦੇਣ ਵਾਲਾ ਦ੍ਰਿਸ਼ ਦੂਰ ਨੇੜੇ ਬੈਠੇ ਹਰ ਵਿਅਕਤੀ ਦੇ ਮਨ ਮਸਤਕ 'ਚ ਸਾਕਾਰ ਹੋਇਆ ਤੇ ਕਈਆਂ ਦੇ ਅੱਲ੍ਹੇ ਜ਼ਖਮ ਫਿਰ ਹਰੇ ਹੋਏ।
ਉਸ ਦਿਨ ਨੀਤਿਕਾ ਦੇ ਭਰਾ ਦਾ ਅੱਥਰੂਆਂ ਭਿੱਜੀ ਆਵਾਜ਼ 'ਚ ਫੋਨ ਆਇਆ, 'ਮੈਡਮ, ਅੱਜ ਮੇਰੀ ਭੈਣ ਦੀ ਬੜੀ ਯਾਦ ਆਈ ਹੈ।' ਮੇਰੀ ਕਲਮ ਨੇ ਵੀ ਅੱਖਾਂ ਸਾਹਮਣੇ ਵਾਪਰੇ ਹਾਦਸੇ ਕਾਰਨ ਹੰਢਾਏ ਅਣਚਾਹੇ ਦਰਦ ਦੀ ਕਹਾਣੀ, ਹਰਫਾਂ ਰਾਹੀਂ ਸਭ ਨਾਲ ਸਾਂਝੀ ਕੀਤੀ ਹੈ। ਪਰਵਾਰਾਂ ਦੇ ਅੱਲ੍ਹੇ ਜ਼ਖਮ ਹਰੇ ਨਾ ਹੋਣ ਤੇ ਸਮਾਜ ਨੂੰ ਇਹ ਖਮਿਆਜ਼ਾ ਕਦੇ ਨਾ ਭੁਗਤਣਾ ਪਵੇ, ਇਸ ਲਈ ਸੜਕੀ ਆਵਾਜਾਈ ਨੂੰ ਸੁਚਾਰੂ ਤੇ ਸੁਰੱਖਿਅਤ ਬਣਾਉਣ ਲਈ ਪ੍ਰਸ਼ਾਸਨ ਵੱਲੋਂ ਅਤੇ ਜਨ ਸਮੂਹਿਕ ਤੌਰ 'ਤੇ ਵੀ ਭਰਪੂਰ ਯਤਨ ਕੀਤੇ ਜਾਣੇ ਚਾਹੀਦ ਹਨ। ਸੜਕ ਸੁਰੱਖਿਆ ਤੇ ਸੇਫ ਵਾਹਨ ਸਕੀਮ ਅਧੀਨ ਕਾਨੂੰਨ ਤੇ ਨਿਯਮਾਂ ਦੀ ਪਾਲਣਾ ਕਰਨਾ ਤਮਾਮ ਨਿਜ਼ਾਮ ਦਾ ਫਰਜ਼ ਬਣਦਾ ਹੈ।


# ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਦਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਨਾਜ਼ੀਆਂ ਨੇ ਜਰਮਨੀ ਨੂੰ ਬਦਲਿਆ ਅਤੇ ਭਾਜਪਾ ਬਦਲ ਰਹੀ ਹੈ ਦਿੱਲੀ ਨੂੰ

-ਮਨੀਸ਼ ਤਿਵਾੜੀ

ਫਾਸ਼ੀਵਾਦੀਆਂ ਕੋਲ ਦਿਖਾਵਟੀ ਇਮਾਰਤਾਂ ਨਾਲ ਸੰਮੋਹਨ ਕਰਨ ਵਾਲੀ ਰੋਗੀ ਵਿਚਾਰਧਾਰਾ ਸੀ। ਫਾਸਿਸਟ ਨਿਰਮਾਣ ਉਦੋਂ ਸ਼ੁਰੂ ਹੋਇਆ, ਜਦੋਂ ਬੈਨਿਟੋ ਮੁਸੋਲਿਨੀ ਨੇ 1920 ਵਿੱਚ ਇਟਲੀ 'ਚ ਸੱਤਾ 'ਤੇ ਕਬਜ਼ਾ ਕੀਤਾ। ਜਰਮਨੀ ਵਿੱਚ ਐਡੋਲਫ ਹਿਟਲਰ ਦੇ 1933 ਵਿੱਚ ਚਾਂਸਲਰਸ਼ਿਪ ਹਾਸਿਲ ਕਰਨ ਤੋਂ ਬਾਅਦ ਇਹ ਪ੍ਰਕਿਰਿਆ ਸ਼ੁਰੂ ਹੋਈ। ਇਹ ਦੋਵੇਂ ਸ਼ਾਸਕ ਅੱਤਿਆਚਾਰੀ ਅਤੇ ਤਾਨਾਸ਼ਾਹ ਸਨ ਅਤੇ ਉਨ੍ਹਾਂ ਨੇ ਵਾਸਤੂਕਲਾ ਨੂੰ ਸਿਆਸੀ ਪ੍ਰਕਾਸ਼ਨ ਦਾ ਇੱਕ ਹਥਿਆਰ ਬਣਾਇਆ। ਫਾਸ਼ੀਵਾਦ ਵਿਚਾਰਧਾਰਾ ਵਿਸ਼ਾਲ ਅਤੇ ਖੁੱਲ੍ਹੇ ਵਿਹੜੇ ਵਾਲੀਆਂ ਇਮਾਰਤਾਂ ਦੇ ਨਿਰਮਾਣ ਵਿੱਚ ਨਜ਼ਰ ਆਉਂਦੀ ਹੈ। ਇਨ੍ਹਾਂ ਇਮਾਰਤਾਂ ਵਿੱਚ ਖਾਲੀ ਥਾਵਾਂ ਇਸ ਕਰਕੇ ਛੱਡੀਆਂ ਗਈਆਂ ਤਾਂ ਕਿ ਇਨ੍ਹਾਂ ਦੀ ਵਰਤੋਂ ਲੋਕਾਂ ਦੀ ਵਿਸ਼ਾਲ ਮੰਡਲੀ ਇਕੱਠੀ ਕਰਨ ਲਈ ਕੀਤੀ ਜਾ ਸਕੇ। ਇਥੇ ਵਿਸ਼ਾਲ ਜਨ-ਸਮੂਹ ਧਮਕੀ ਅਤੇ ਬਲਾਤਕਾਰ ਵਰਗੀਆਂ ਖਤਰਨਾਕ ਕਰਤੂਤਾਂ ਨੂੰ ਆਪਣੀਆਂ ਅੱਖਾਂ ਨਾਲ ਦੇਖ ਸਕਦਾ ਸੀ। ਨਾਜ਼ੀ ਯੱਗ 'ਚ ਮਸ਼ਾਲ ਰੈਲੀ ਇਸੇ ਦੀ ਇੱਕ ਮਿਸਾਲ ਹੈ। ਫਾਸ਼ੀਵਾਦ ਵਾਸਤੂ ਕਲਾ ਦਾ ਮੁੱਖ ਉਦੇਸ਼ ਜਨਤਕ ਇਮਰਾਤਾਂ ਅਤੇ ਸੜਕਾਂ ਬਣਾਉਣਾ ਸੀ। ਇਹ ਪੁਰਾਤਨ ਰੋਮ ਵਰਗਾਂ ਹੀ ਸੀ। ਅਜਿਹੀਆਂ ਇਮਾਰਤਾਂ ਦਾ ਮੁੱਖ ਉਦੇਸ਼ ਪੂਰਬ ਦੀ ਸ਼ਾਨੋ-ਸ਼ੌਕਤ ਦਾ ਗੁਣਗਾਨ ਕਰਕੇ ਅਨਾੜੀ ਰਾਸ਼ਟਰਵਾਦ ਦੀ ਸਮਝ ਪੈਦਾ ਕਰਨ ਦੀ ਕੋਸ਼ਿਸ਼ ਸੀ।

ਇਟਲੀ ਵਿੱਚ ਫਾਸ਼ੀਵਾਦ ਵਾਸਤੂਕਲਾ ਨੂੰ ਜੀਸੈਪ ਟੈਰਾਨੀ ਨਾਲ ਮਿਲ ਕੇ ਕੁਝ ਵਾਸਤੂਕਾਰਾਂ ਨੇ ਵਿਕਸਿਤ ਗੁਰੈਨੀ, ਅਰਨੈਸਟੋ ਬਰੂਨੋਂ ਲਾ ਪਾਡੁਲਾ ਅਤੇ ਮਾਰੀਓ ਰੋਮਾਨੋ ਵਰਗੇ ਲੋਕ ਸ਼ਾਮਲ ਸਨ। ਜਰਮਨੀ ਵਿੱਚ ਫਾਸ਼ੀਵਾਦ ਵਾਸਤੂਕਲਾ ਦੀ ਅਗਵਾਈ ਅਲਬਰਟ ਸਪੀਅਰ ਨੇ ਕੀਤੀ, ਜੋ ਹਿਲਟਰ ਵੱਲੋਂ ਚੁਣਿਆ ਗਿਆ ਵਾਸਤੂਕਾਰ ਸੀ ਅਤੇ ਬਾਅਦ ਵਿੱਚ ਦੂਜੀ ਸੰਸਾਰ ਜੰਗ ਦੌਰਾਨ ਉਹ ਨਾਜ਼ੀ ਸਰਕਾਰ ਦਾ ਅਸਲਾ ਮੰਤਰੀ ਬਣਿਆ। ਨਿਊਰਮਬਰਗ ਟ੍ਰਾਇਲ ਵਿੱਚ ਸਪੀਅਰ ਨੂੰ 20 ਸਾਲ ਜੇਲ ਹੋਈ। ਬਾਅਦ ਵਿੱਚ ਉਸ ਨੇ ਇੱਕ ਕਿਤਾਬ ਲਿਖੀ, ਜਿਸ ਦਾ ਸਿਰਲੇਖ ਸੀ 'ਥਰਡ ਰੀਚ'। ਇਹ ਕਿਤਾਬ ਕੌਮਾਂਤਰੀ ਪੱਧਰ 'ਤੇ ਇੱਕ ਨਵੀਂ ਸਨਸਨੀ ਬਣੀ। ਸਪੀਅਰ ਦੀ ਮਾਇਆਵੀ ਵਾਸਤੂਕਲਾ ਦਾ ਉਦੇਸ਼ ਬਰਲਿਨ ਨੂੰ ਦੁਨੀਆ ਦੀ ਰਾਜਧਾਨੀ (ਜਰਮਨੀਆ) ਬਣਾਉਣਾ ਸੀ। ਹਿਟਲਰ ਨੇ 1933 ਵਿੱਚ ਇਹ ਐਲਾਨ ਕੀਤਾ ਕਿ ਰਾਇਲ ਚੈਂਬਰਾਂ ਵਿੱਚ ਨਵਾਂ ਜਰਮਨੀ ਰੀਚ ਨਾ ਰਿਹਾਇਸ਼ੀ ਹੈ ਤੇ ਨਾ ਰਹਿਣ ਵਾਲਿਆਂ ਲਈ ਹੈ। ਨਾਜ਼ੀਆਂ ਵੱਲੋਂ ਸ਼ਾਸਨ ਲਈ ਇਸਤੇਮਾਲ ਵਿੱਚ ਲਿਆਂਦੇ ਗਏ ਕੇਂਦਰ 'ਜਰਮਨੀਆ' ਨੇ 1950 ਵਿੱਚ ਬਣ ਕੇ ਤਿਆਰ ਹੋਣਾ ਸੀ।



ਇਸ ਕੰਮ ਦਾ ਉਦੇਸ਼ ਵਹਿਸ਼ੀਪੁਣਾ ਦਿਖਾਉਣਾ ਸੀ। ਇਮਾਰਤੀ ਸਮੱਗਰੀ ਲਈ ਯੂਰਪ ਦੀਆਂ ਖਾਨਾਂ ਅਤੇ ਖਣਿਜਾਂ ਦਾ ਇਸਤੇਮਾਲ ਕਰਨਾ ਸੀ। ਇਸ ਦੇ ਲਈ ਉਨ੍ਹਾਂ ਬਰਲਿਨ ਵਾਸੀਆਂ ਦੇ ਘਰਾਂ ਅਤੇ ਹੋਰ ਇਮਰਾਤਾਂ 'ਤੇ ਬੁਲਡੋਜ਼ਰ ਚਲਾਇਆ ਗਿਆ ਸੀ, ਜੋ ਇਸ ਦੇ ਰਾਹ ਵਿੱਚ ਅੜਿਕਾ ਸਨ। ਸਪੀਅਰ ਨੇ ਆਪਣੀ ਮੌਤ ਤੋਂ ਇੱਕ ਦਹਾਕਾ ਪਹਿਲਾਂ ਕਿਹਾ ਸੀ ਕਿ ਫਿਊਰਰ ਨੇ ਇਸ ਨੂੰ ਅਜਿਹੀ ਇਮਾਰਤ ਬਣਾਉਣ ਦਾ ਹੁਕਮ ਦਿੱਤਾ, ਜੋ ਇੱਕ ਸ਼ਹਿਰ ਨਹੀਂ, ਸਗੋਂ ਪੱਥਰ ਦੀ ਕਬਰ ਹੋਵੇਗੀ। ਭਾਵ ਇਹ ਇੱਕ ਪੱਥਰ ਦਾ ਤਾਬੂਤ ਹੋਵੇਗਾ, ਜੋ ਮਿਸਰ, ਰੋਮ ਅਤੇ ਗ੍ਰੀਸ ਦੀਆਂ ਪ੍ਰਾਚੀਨ ਸੱਭਿਅਤਾਵਾਂ ਨਾਲ ਸਬੰਧਤ ਹੋਵੇਗਾ। ਸਪੀਅਰ ਦਾ ਇਹ ਲਿਖਣ ਦਾ ਉਦੇਸ਼ ਖੁਦ ਨੂੰ ਪੱਥਰ ਵਾਂਗ ਅਮਰ ਕਰਨਾ ਸੀ। ਸਪੀਅਰ ਦੀ ਅਜਿਹੀ ਸੋਚ ਹਿਟਲਰ ਦੀਆਂ ਜੰਗੀ ਯੋਜਨਾਵਾਂ ਦਾ ਸ਼ਿਕਾਰ ਹੋਈ। 'ਥਰਡ ਰੀਚ' ਨੂੰ ਏਦਾਂ ਬਦਲ ਦਿੱਤਾ ਗਿਆ ਕਿ ਇਥੋਂ ਦੇ ਲੋਕ ਇਸ ਨੂੰ ਪਛਾਣ ਨਾ ਸਕਣ। ਸ਼ਹਿਰ ਨੂੰ ਕਲਪਨਾ ਤੋਂ ਪਰ੍ਹੇ ਬਦਲ ਦਿੱਤਾ ਗਿਆ। ਰੀਚ ਸਟੈਗ ਅਤੇ ਬ੍ਰੈਂਡਨਬਰਗ ਨਜ਼ਰ ਵਿੱਚ ਬਹੁਤ ਵਿਸ਼ਾਲ ਪ੍ਰਤੀਤ ਹੁੰਦੇ ਸਨ, ਉਤੇ ਵੀ ਸਾਧਾਰਨ ਰੂਪ ਵਿੱਚ ਵਿਸ਼ਾਲ ਨਵੀਂ ਉਸਾਰੀ ਭਾਰੀ ਪੈ ਗਈ।

ਚੀਨ ਨੇ ਵੀ ਅਲਬਰਟ ਸਪੀਅਰ (ਜੂਨੀਅਰ) ਤੋਂ 2008 ਦੀਆਂ ਪੇਈਚਿੰਗ ਓਲੰਪਿਕ ਗੇਮਾਂ ਦਾ ਮਾਸਟਰ ਪਲਾਨ ਤਿਆਰ ਕਰਵ-ਇਆ। ਕਮਿਊਨਿਸਟ ਪਾਰਟੀ ਦੀ ਅਜਿਹੀ ਵਿਚਾਰਧਾਰਾ ਕਾਰਣ ਜਨਤਕ ਥਾਵਾਂ 'ਤੇ ਖੇਡ ਈਵੈਂਟਸ ਲਈ ਕਈ ਤਬਦੀਲੀਆਂ ਕਰ ਦਿੱਤੀਆਂ ਗਈਆਂ। ਅੱਜ ਕੱਲ੍ਹ ਦਿੱਲੀ ਵਿੱਚ ਮੋਦੀ ਸਰਕਾਰਾ ਵੀ ਕੁਝ ਅਜਿਹੀਆਂ ਹੀ ਨਵੀਆਂ ਤਬਦੀਲੀਆਂ ਕਰਵਾ ਕੇ ਖੁਦ ਨੂੰ ਜ਼ਿੰਦਾ ਰੱਖਣਾ ਚਾਹੁੰਦੀ ਹੈ। ਅਜਿਹਾ ਕਰਨ ਲਈ ਉਹ 8ਵੀਂ ਦਿੱਲੀ ਦਾ ਨਿਰਮਾਣ ਕਰਨਾ ਚਾਹੁੰਦੀ ਹੈ। ਬਰਲਿਨ ਵਿੱਚ ਨਾਜ਼ੀਆਂ ਦੀ ਅਜਿਹੀ ਵਾਸਤੂਕਲਾ ਤੋਂ ਲੈ ਕੇ ਮਾਸਕੋ 'ਚ ਰੈਡ ਸਕੁਆਇਰ ਤੱਕ ਇੱਛਾ-ਸ਼ਕਤੀ ਇੱਕੋ ਜਿਹੀ ਨਜ਼ਰ ਆਉਂਦੀ ਸੀ। ਦਿੱਲੀ ਵਿੱਚ ਵੀ ਇੱਕ ਵਾਰ ਫਿਰ ਅਜਿਹੀਆਂ ਹੀ ਤਜਵੀਜ਼ਾਂ ਨੂੰ ਦੁਹਰਾਇਆ ਜਾ ਰਿਹਾ ਹੈ।

ਭਾਜਪਾ ਸਰਕਾਰ ਦਿੱਲੀ ਦੀ ਵਿਰਾਸਤ ਨੂੰ ਤੋੜ-ਮਰੋੜ ਕੇ ਇਸ ਵਿੱਚ ਤਬਦੀਲੀਆਂ ਲਿਆ ਰਹੀ ਹੈ। 2014 ਦੇ ਚੋਣ ਵਾਅਦਿਆਂ ਵਿੱਚ ਕਈ ਸੈਂਕੜੇ ਨਵੇਂ ਸ਼ਹਿਰਾਂ ਦੀ ਉਸਾਰੀ ਕਰਨਾ ਸ਼ਾਮਲ ਸੀ। ਪਿਛਲੇ 65 ਮਹੀਨਿਆਂ ਵਿੱਚ ਅਜਿਹੀ ਇੱਕ ਵੀ ਇਮਾਰਤ ਦਾ ਨਿਰਮਾਣ ਨਹੀਂ ਕੀਤਾ ਗਿਆ। ਚੰਡੀਗੜ੍ਹ, ਭੁਵਨੇਸ਼ਵਰ ਅਤੇ ਗਾਂਧੀਨਗਰ ਨੂੰ ਬਣਾਉਣ ਤੋਂ ਬਾਅਦ ਅਜਿਹਾ ਇੱਕ ਵੀ 'ਗ੍ਰੀਨ ਸਿਟੀ' ਨਹੀਂ ਬਣਿਆ। ਆਂਧਰਾ ਪ੍ਰਦੇਸ਼ ਦੀ ਨਵੀਂ ਰਾਜਧਾਨੀ ਅਮਰਾਵਤੀ ਵੀ 'ਭੂਤੀਆ ਸ਼ਹਿਰ' ਬਣ ਕੇ ਰਹਿ ਗਿਆ ਹੈ ਪਰ ਦਿੱਲੀ ਵਿੱਚ ਸੱਤਾਧਾਰੀ ਇਸ ਪਾਸੇ ਧਿਆਨ ਨਹੀਂ ਦੇ ਰਹੇ। ਉਨ੍ਹਾਂ ਮੁਤਾਬਕ ਵਾਸਤੂਕਲਾ ਸ਼ਕਤੀ ਪ੍ਰਦਰਸ਼ਨ ਦਾ ਇੱਕ ਹੋਰ ਜ਼ਰੀਆ ਹੈ। ਇਸ ਤਰ੍ਹਾਂ ਜਿਵੇਂ ਫਾਸ਼ੀਵਾਦ ਨੇ ਆਪਣੀ ਸੋਚ ਰੱਖੀ, ਹੁਣ ਭਾਜਪਾ ਵੀ ਉਸੇ ਰਾਹ 'ਤੇ ਚੱਲ ਰਹੀ ਹੈ।

INTERNATIONAL SARB-SANJHA PUNJABI KAVI DARBAR

ਅੰਤਰ-ਰਾਸ਼ਟਰੀ ਸਰਬ-ਸਾਂਝਾ ਪੰਜਾਬੀ ਕਵੀ ਦਰਬਾਰ

ਕਲਿ ਤਾਰਣ ਗੁਰੂ ਨਾਨਕ ਆਇਆ ॥

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550ਵੇਂ ਪ੍ਰਗਟ ਪੁਰਬ ਦੀ ਵਰ੍ਹੇ ਗੰਢ ਨੂੰ ਸਮਰਪਿਤ:

"ਅੰਤਰ-ਰਾਸ਼ਟਰੀ ਸਰਬ-ਸਾਂਝਾ ਪੰਜਾਬੀ ਕਵੀ ਦਰਬਾਰ - 2019"

ਜੋ ਕਿ ਰਾਮਗੜ੍ਹੀਆ ਸਿੱਖ ਫਾਊਂਡੇਸ਼ਨ ਦੇ ਉੱਦਮ ਸਦਕਾ ਆਯੋਜਿਤ ਕੀਤਾ ਜਾ ਰਿਹਾ ਹੈ, ਜਿਸ ਵਿਚ ਭਾਰਤ, ਪਾਕਿਸਤਾਨ, ਅਮਰੀਕਾ, ਇੰਗਲੈਂਡ, ਆਸਟਰੇਲੀਆ ਅਤੇ ਯੂਰਪ ਤੋਂ ਨਾਮਵਰ ਸਾਹਿਤਕਾਰ ਅਤੇ ਕਵੀ-ਸਾਹਿਬਾਨ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰ ਰਹੇ ਹਨ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਜੀਵਨ-ਫਿਲਾਸਫੀ, ਜੀਵਨ-ਜਾਂਚ, ਜੀਵਨ-ਕਲਾ, ਜੀਵਨ-ਯੁਕਤ ਅਤੇ ਅਨਮੋਲ ਸਿਖਿਆਵਾਂ ਦੇ ਸੰਦਰਭ ਵਿਚ ਉੱਚ-ਕੋਟੀ ਦੇ ਵਿਦਵਾਨਾਂ ਪਾਸੋਂ ਕਵਿਤਾਵਾਂ, ਗ਼ਜ਼ਲਾਂ ਅਤੇ ਰੌਚਕ-ਰਚਨਾਵਾਂ ਦਾ ਆਨੰਦ ਮਾਣਨ ਲਈ ਆਪ ਸਭ ਸਾਹਿਤਕ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

DATE: Sunday Nov. 17th, 2019
TIME: 10:00 AM - 5:00 PM

VENUE: Century Gardens Recreation Complex (Auditorium-1)
340 Vodden Street East, Brampton, Ontario L6V 2N2

Daljit Singh Gaidhu
Chairman
416-305-9878

Hardial Singh Jheeta
General Secretary
647-409-8915

Dr. Pargat Singh Bagga
President
905-531-8901




ORGANIZED BY:

RSFO Ramgarhia Sikh Foundation of Ontario RSFO

7956 Torbram Road #40, Brampton (ONT) CANADA

Email: internationalkavidarbar@gmail.com • Website: www.rsfo.org

# ਜਦੋਂ ਸਾਡੇ ਵੀ ਸਾਂਝੇ ਪਰਵਾਰ ਦਾ ਬਟਵਾਰਾ ਹੋਇਆ

-ਕਮਲ ਬਰਾੜ-

ਪੁਰਾਣੇ ਸਮਿਆਂ ਵਿੱਚ ਜਿਹੜੇ ਸਾਂਝੇ ਪਰਵਾਰ ਹੁੰਦੇ ਸੀ, ਉਹ ਬੜੇ ਖੁਸ਼ਕਿਸਮਤ ਸਮਝੇ ਜਾਂਦੇ ਸਨ। ਕਿਹਾ ਜਾਂਦਾ ਸੀ ਕਿ ਏਕੇ ਵਿੱਚ ਬਰਕਤ ਹੁੰਦੀ ਹੈ। ਵਰਤਮਾਨ ਸਮੇਂ ਵਿੱਚ ਅਜੋਕੀ ਪੀੜ੍ਹੀ ਦੀ ਇਕੱਲੇ ਰਹਿਣ ਦੀ ਪ੍ਰਵਿਰਤੀ ਸਮਝ ਲਓ ਜਾਂ ਹਾਲਾਤ ਕਿ ਅੱਜਕੱਲ੍ਹ ਸਾਂਝੇ ਪਰਵਾਰ ਕਿਧਰੇ ਅਲੋਪ ਹੋ ਗਏ ਹਨ।

ਮੈਨੂੰ ਲਗਭਗ 20 ਸਾਲ ਸਾਂਝੇ ਪਰਵਾਰ ਵਿੱਚ ਰਹਿਣ ਦਾ ਮੌਕਾ ਮਿਲਿਆ। ਮੈਨੂੰ ਬੜੇ ਤਜਰਬੇ ਪ੍ਰਾਪਤ ਹੋਏ ਸਾਂਝੇ ਪਰਵਾਰ ਵਿੱਚ ਅਤੇ ਬੜਾ ਕੁਝ ਸਿੱਖਣ ਨੂੰ ਮਿਲਿਆ। ਮੈਨੂੰ ਸੱਚਮੁੱਚ ਚਾਚੇ-ਚਾਚੀ ਤੋਂ ਮਾਂ-ਪਿਓ ਵਾਲਾ ਪਿਆਰ ਮਿਲਿਆ। ਮੇਰੇ ਚਾਚਾ ਤੇ ਪਾਪਾ ਜੀ ਵਰਗਿਆਂ ਨੇ 30 ਸਾਲ ਦੇ ਕਰੀਬ ਇਕੱਠਿਆਂ ਨਿਭਾਇਆ। ਜਦੋਂ ਤੱਕ ਮੈਨੂੰ ਸੋਚਣ-ਸਮਝਣ ਦੀ ਸੋਝੀ ਆਈ, ਮੈਂ ਵੇਖਿਆ ਕਿ ਮੇਰੇ ਪਾਪਾ ਵੱਡੇ ਹੋਣ ਕਰ ਕੇ ਹਰ ਗੱਲ ਵਿੱਚ ਮੇਰੇ ਚਾਚੇ ਨੇ ਆਪਣੇ ਵੱਡੇ ਭਰਾ, ਭਾਵ ਮੇਰੇ ਪਾਪਾ ਨੂੰ ਪ੍ਰਮੁੱਖਤਾ ਦੇਣੀ। ਮੇਰੀ ਮਾਤਾ ਤੇ ਚਾਚੀ ਨੇ ਦਰਾਣੀ-ਜਠਾਣੀ ਵਾਲਾ ਨਹੀਂ, ਭੈਣਾਂ ਵਾਲਾ ਰਿਸ਼ਤਾ ਨਿਭਾਇਆ। ਮੇਰੀ ਉਮਰ ਬੇਸ਼ੱਕ ਛੋਟੀ ਹੈ, ਪਰ ਤਜਰਬੇ ਸਿੱਖੇ ਹਨ ਕਿ ਸਾਂਝੇ ਪਰਵਾਰ ਤਦੇ ਨਿਭਦੇ ਹਨ, ਸਾਡੇ ਮਨ ਵਿੱਚ ਖੋਟ ਨਹੀਂ। ਅਸੀਂ ਇਹ ਨਾ ਸਮਝੀਏ ਕਿ ਉਨ੍ਹਾਂ ਦੇ ਜੀਅ ਜ਼ਿਆਦਾ ਹਨ, ਉਨ੍ਹਾਂ ਦਾ ਖਰਚ ਜ਼ਿਆਦਾ ਹੈ। ਉਹ ਕੰਮ ਘੱਟ ਕਰਦੇ ਹਨ, ਕਿਉਂਕਿ ਸਾਰੇ ਇਨਸਾਨ ਇੱਕੋ ਜਿਹੇ ਨਹੀਂ ਹੁੰਦੇ। ਸਾਰੇ ਪਰਵਾਰਕ ਮੈਂਬਰਾਂ ਦਾ ਸੁਭਾਅ ਵੱਖ-ਵੱਖ ਹੁੰਦਾ ਹੈ। ਕੋਈ ਵੱਧ ਜ਼ਿੰਮੇਵਾਰੀ ਸਮਝਦਾ ਹੈ ਤੇ ਕੋਈ ਘੱਟ, ਸਾਂਝੇ ਪਰਵਾਰਾਂ ਵਿੱਚ ਇਹ ਗੱਲਾਂ ਧੁਰੋਂ ਖਤਮ ਕਰਨੀਆਂ ਪੈਂਦੀਆਂ ਹਨ।

ਮੈਂ ਅਕਸਰ ਵੇਖਿਆ ਸੀ ਕਿ ਮੇਰੇ ਚਾਚਾ ਜੀ ਸਾਰੇ ਪਰਵਾਰ ਦੀ ਜ਼ਿੰਮੇਵਾਰੀ ਚੁੱਕਦੇ ਸਨ ਤੇ ਮੇਰੇ ਪਾਪਾ ਨੂੰ ਇਹ ਵੀ ਨਹੀਂ ਪਤਾ ਹੁੰਦਾ ਸੀ ਕਿ ਅਸੀਂ ਕਿੱਥੇ ਪੜ੍ਹਦੇ ਹਾਂ, ਸਾਡੀ ਫੀਸ ਕਿੰਨੀ ਹੈ। ਜਦ ਉਨ੍ਹਾਂ ਤੋਂ ਕਿਸੇ ਨੇ ਪੁੱਛਣਾ ਤਾਂ ਉਨ੍ਹਾਂ ਨੇ ਮੇਰੇ ਚਾਚੇ ਵੱਲ ਇਸ਼ਾਰਾ ਕਰ ਦੇਣਾ। ਸਾਂਝੇ ਪਰਵਾਰਾਂ ਵਿੱਚ ਖਾਸ ਕਰ ਕੇ ਪੇਂਡੂ ਖੇਤਰਾਂ ਵਿੱਚ ਔਰਤਾਂ ਦੇ ਕੰਮਾਂ ਨੂੰ ਤਰਤੀਬ ਅਨੁਸਾਰ ਵੰਡਿਆ ਹੁੰਦਾ ਹੈ ਕਿ ਮੱਝਾਂ ਕਿਸ ਨੇ ਚੋਣੀਆਂ ਹਨ, ਝਾੜੂ ਕਿਸ ਨੇ ਮਾਰਨਾ, ਕੱਪੜੇ ਧੋਣੇ, ਮੱਝਾਂ ਨੂੰ ਪੱਠੇ ਪਾਉਣੇ ਹਨ। ਮੇਰੀ ਮਾਂ ਤੇ ਚਾਚੀ ਨੇ ਇਨ੍ਹਾਂ ਕੰਮਾਂ ਨੂੰ ਸੁਚੱਜੇ ਢੰਗ ਨਾਲ ਵੰਡਿਆ ਪਿਆ ਸੀ ਤੇ ਬੜੇ ਸੁਚੱਜੇ ਢੰਗ ਨਾਲ ਨਿਭਾਇਆ ਸੀ। ਜਦ ਮੇਰੀ ਮਾਂ ਨੇ ਆਪਣੇ ਕੰਮ ਨਿਬੇੜ ਲੈਣੇ ਤਾਂ ਉਨ੍ਹਾਂ ਨੇ ਚਾਚੀ ਦਾ ਉਨ੍ਹਾਂ ਦੇ ਕੰਮਾਂ ਵਿੱਚ ਹੱਥ ਵਟਾਉਣਾ। ਜਦ ਚਾਚੀ ਜੀ ਵਿਹਲੇ ਹੋ ਜਾਂਦੇ ਤਾਂ ਉਹ ਮਾਂ ਦੇ ਕੰਮਾਂ ਵਿੱਚ ਹੱਥ ਵਟਾ ਦਿੰਦੇ।

ਸਾਡੇ ਪਰਵਾਰ ਵਿੱਚ ਪੜਦਾਦਾ, ਦਾਦਾ-ਦਾਦੀ ਦੀ ਆਪਣੀ ਹੀ ਰੌਣਕ ਹੁੰਦੀ ਸੀ। ਉਨ੍ਹਾਂ ਕੋਲੋਂ ਬਜ਼ੁਰਗ ਹੋਣ ਕਰ ਕੇ ਕੰਮ ਤਾਂ ਹੁੰਦਾ ਨਹੀਂ ਸੀ, ਪਰ ਉਹ ਆਪਣੇ ਜ਼ਿੰਦਗੀ ਦੇ ਤਜਰਬੇ ਤੇ ਨੇਕ ਸਲਾਹਾਂ ਪਰਵਾਰ ਨੂੰ ਦੇਈ ਜਾਂਦੀ ਸੀ। ਮੇਰਾ ਤੇ ਚਾਚੇ ਦੇ ਮੁੰਡੇ ਦਾ ਪਿਆਰ ਵੀ ਸਾਡੇ ਚਾਚੇ-ਪਾਪਾ ਵਾਂਗ ਹੀ ਸੀ। ਅਸੀਂ ਵੀ ਸਕੂਲੀ ਵਿਦਿਆ ਤੋਂ ਲੈ ਕੇ ਕਾਲਜੀ ਵਿਦਿਆ ਇਕੱਠਿਆਂ ਨਿਭਾਈ ਸੀ, ਵੱਡਾ ਭਰਾ ਜ਼ਿਆਦਾ ਨਾ ਪੜ੍ਹਿਆ ਹੋਣ ਕਰ ਕੇ ਉਸ ਦਾ ਜਲਦੀ ਵਿਆਹ ਕਰ ਦਿੱਤਾ ਸੀ। ਇਸ ਲਈ ਮੈਂ ਤੇ ਮੇਰੇ ਚਾਚੇ ਦੇ ਮੁੰਡੇ ਦੀ ਸੁਰ ਜ਼ਿਆਦਾ ਮਿਲਦੀ ਸੀ, ਅਸੀਂ ਕਿਤੇ ਵੀ ਜਾਣਾ, ਇਕੱਠਿਆਂ ਜਾਣਾ। ਜ਼ਿਆਦਾਤਰ ਲੋਕ ਸਾਨੂੰ ਸਕੇ ਭਰਾ ਸਮਝਦੇ ਸਨ। ਦੂਜਾ ਸਾਡੇ ਪਿਆਰ ਦਾ ਕਾਰਨ ਸਾਡੇ ਬਾਪੂਆਂ ਦਾ ਆਪਸੀ ਪਿਆਰ ਸੀ। ਅਸੀਂ ਨਹੀਂ ਚਾਹੁੰਦੇ ਸੀ ਕਿ ਸਾਡੇ ਪਰਵਾਰ ਦੇ ਟੁੱਟਣ ਦਾ ਦਾਗ ਸਾਡੇ 'ਤੇ ਲੱਗੇ। ਕਹਿੰਦੇ ਮੁੱਢ ਕਦੀਮੋਂ ਚਲਿਆ ਆ ਰਿਹਾ ਹੈ ਕਿ ਜਿਵੇਂ ਇੱਕ ਮਿਆਨ ਵਿੱਚ ਦੋ ਤਲਵਾਰਾਂ ਨਹੀਂ ਰਹਿ ਸਕਦੀਆਂ, ਉਸ ਤਰ੍ਹਾਂ ਅੰਤ ਇੱਕੋ ਮਾਂ ਦੇ ਜਾਇਆਂ ਨੂੰ ਵੱਖ ਹੋਣਾ ਪੈਂਦਾ ਹੈ। ਇਹ ਰੀਤ ਸਾਡੇ ਪਰਵਾਰ ਵਿੱਚ ਵੀ ਆ ਗਈ। ਸਾਡਾ ਪਰਵਾਰ ਵੀ ਇੱਕ ਤੋਂ ਦੋ ਹੋਣ ਲੱਗਿਆ। ਮੇਰੇ ਚਾਚਾ ਜੀ ਦੀ ਨਵੀਂ ਕੋਠੀ ਤਿਆਰ ਹੋ ਗਈ, ਉਨ੍ਹਾਂ ਨੂੰ ਉਹ ਮਿਲ ਗਈ ਅਤੇ ਸਾਨੂੰ ਪਹਿਲਾਂ ਵਾਲਾ ਘਰ। ਮੈਂ ਸਭ ਕੁਝ ਅੱਖੀਂ ਵੇਖ ਰਿਹਾ ਸੀ। ਸਭ ਕੁਝ ਵੰਡਿਆ ਜਾ ਰਿਹਾ ਸੀ। ਜਿਨ੍ਹਾਂ ਭਾਂਡਿਆਂ ਵਿੱਚ ਇਕੱਠੇ ਤਿੰਨ ਟਾਈਮ ਦੀ ਰੋਟੀ ਖਾਂਦੇ, ਉਨ੍ਹਾਂ ਦੇ ਵੀ ਦੋ ਹਿੱਸੇ ਹੋ ਰਹੇ ਸਨ। ਵਾਹੀ ਸਾਂਝੀ ਕਰਨ ਦਾ ਫੈਸਲਾ ਹੋਇਆ। ਮੈਨੂੰ ਬਹੁਤ ਜ਼ਿਆਦਾ ਦੁੱਖ ਹੋ ਰਿਹਾ ਸੀ ਕਿਉਂਕਿ ਮੈਨੂੰ ਲੱਗਦਾ ਸੀ ਕਿ ਜਿਵੇਂ ਕਿਸੇ ਇਨਸਾਨ ਦੀਆਂ ਦੋ ਬਾਹਾਂ ਵਿੱਚੋਂ ਇੱਕ ਨੂੰ ਵੱਢਿਆ ਜਾ ਰਿਹਾ ਹੋਵੇ, ਪਰ ਮੈਨੂੰ ਕੁਝ ਹੱਦ ਤੱਕ ਖੁਸ਼ੀ ਵੀ ਸੀ ਕਿ ਮੇਰੇ ਚਾਚੇ-ਪਾਪੇ ਤੇ ਮਾਂ-ਚਾਚੀ ਨੇ ਤੀਹ ਸਾਲਾਂ ਦੇ ਇਕੱਠ ਨੂੰ ਪਦਾਰਥਵਾਦੀ ਚੀਜ਼ਾਂ ਪਿੱਛੇ ਲੜ ਕੇ ਵਿਅਰਥ ਨਹੀਂ ਗੁਆਇਆ, ਰਜ਼ਾਮੰਦੀ ਨਾਲ ਸਭ ਨੇਪਰੇ ਚਾੜ੍ਹ ਲਿਆ। ਜਦ ਸਭ ਕੁਝ ਹੋ ਗਿਆ ਤਾਂ ਮੇਰੀ ਪੜਦਾਦੀ, ਜੋ ਸਭ ਕੁਝ ਅੱਖੀਂ ਵੇਖ ਰਹੀ ਸੀ, ਉਸ ਨੂੰ ਸਮਝ ਨਹੀਂ ਆ ਰਹੀ ਸੀ ਕਿ ਕਿਧਰ ਜਾਵੇ, ਕਿਉਂਕਿ ਉਸ ਲਈ ਦੋਵੇਂ ਪੁੱਤ ਅੱਖਾਂ ਦੇ ਤਾਰੇ ਸਨ। ਮੈਨੂੰ ਵੀ ਲੱਗਦਾ ਸੀ ਬਜ਼ੁਰਗਾਂ ਨੂੰ ਬੁਢਾਪੇ ਦਾ ਏਨਾ ਦੁੱਖ ਨਹੀਂ ਹੁੰਦਾ, ਜਿੰਨਾ ਆਪਣੇ ਪੁੱਤਰਾਂ ਦੇ ਅਲੱਗ ਹੋਣ ਦਾ ਹੁੰਦਾ ਹੈ।

# ਮੈਨੂੰ ਆਪਣੀ ਦੋਹਤੀ ਨੂੰ ਸੌਰੀ ਕਹਿਣਾ ਚੰਗਾ ਲੱਗਿਆ

-ਕਮਲਜੀਤ ਸਿੰਘ ਬਨਵੈਤ-

60-70 ਸਾਲ ਦੀ ਉਮਰ ਵਿੱਚੋਂ ਗੁਜ਼ਰ ਰਹੇ ਬਹੁਤੇ ਲੋਕਾਂ ਨੂੰ ਮੇਰੀ ਤਰ੍ਹਾਂ ਇੱਕ ਘੁਣ ਇਹ ਜ਼ਰੂਰ ਖਾਣ ਲੱਗਾ ਹੈ ਕਿ ਉਹ ਪਿੰਡਾਂ ਤੋਂ ਸ਼ਹਿਰਾਂ ਵਿੱਚ ਆ ਕੇ ਆਪਣਾ ਸਿਰ ਢੱਕਣ ਲਈ ਆਲ੍ਹਣਾ ਬਣਾਉਣ ਦੇ ਆਹਰ ਵਿੱਚ ਲੱਗੇ ਰਹਿ ਗਏ ਤੇ ਨਿੱਕੇ ਹੁੰਦੇ ਆਪਣੇ ਬੱਚਿਆਂ ਨੂੰ ਸਮਾਂ ਨਹੀਂ ਦੇ ਸਕੇ। ਚੰਗੇ ਸਕੂਲਾਂ ਵਿੱਚ ਪੜ੍ਹਾਈ ਜ਼ਰੂਰ ਕਰਾਈ ਹੈ। ਜਦੋਂ ਨਵੇਂ ਜ਼ਮਾਨੇ ਦੇ ਨੌਜਵਾਨ ਮਾਪਿਆਂ ਦਾ ਆਪਣੇ ਨਿੱਕੇ ਬੱਚਿਆਂ ਦੇ ਪਾਲਣ ਪੋਸ਼ਣ ਦੇ ਤੌਰ ਤਰੀਕੇ ਵੱਲ ਵੇਖੀਏ ਤਾਂ ਮੈਨੂੰ ਆਪਣੇ ਸਮਿਆਂ ਦੀ ਇੱਕ ਛੋਟੀ ਜਿਹੀ ਗੱਲ ਯਾਦ ਆ ਜਾਂਦੀ ਹੈ।

ਇੱਕ ਵਪਾਰੀ ਨੂੰ ਉਸ ਦੇ ਕਿਸੇ ਵਾਕਫ ਨੇ ਪੁੱਛਿਆ ਕਿ ਅੱਜ ਕੱਲ੍ਹ ਉਸ ਦੇ ਬੱਚੇ ਕਿੰਨੇ ਕੁ ਵੱਡੇ ਹੋ ਗਏ ਹੋਣਗੇ ਤੇ ਕਿੰਨੇ-ਕਿੰਨੇ ਸਾਲ ਦੇ ਹੋ ਗਏ? ਅਣਭੋਲ ਵਪਾਰੀ ਦਾ ਜਵਾਬ ਸੀ ਕਿ ਸਾਲਾਂ ਦਾ ਤਾਂ ਉਸ ਨੂੰ ਪਤਾ ਨਹੀਂ ਤੇ ਉਸ ਨੇ ਆਪਣੇ ਹੱਥਾਂ ਵਿਚਲੀ ਵਿੱਥ ਨਾਲ ਦੱਸ ਦਿੱਤਾ; ਬੈੱਡ ਉੱਤੇ ਪਿਆ ਇੱਕ ਐਡਾ ਤੇ ਦੂਜਾ ਉਸ ਤੋਂ ਗਿੱਠ ਵੱਡਾ ਦਿਸਦਾ ਹੈ।' ਵਪਾਰੀ ਵਿਚਾਰਾ ਸਵੇਰ ਨੂੰ ਘਰੋਂ ਜਾ ਕੇ ਸ਼ਾਮ ਨੂੰ ਮੁੜਦਾ ਸੀ। ਸਵੇਰੇ ਸੁੱਤੇ ਪਏ ਬੱਚਿਆਂ ਨੂੰ ਛੱਡ ਕੇ ਚਲੇ ਜਾਂਦਾ ਤੇ ਰਾਤ ਨੂੰ ਬੈਡ ਉੱਤੇ ਸੁੱਤੇ ਪਏ ਵੇਖਦਾ ਸੀ। ਕਿਸਾਨਾਂ ਜਾਂ ਜਿਮੀਂਦਾਰਾਂ ਦਾ ਹਾਲ ਵਪਾਰੀਆਂ ਤੋਂ ਵੱਖਰਾ ਨਹੀਂ ਹੈ। ਵਪਾਰੀਆਂ ਦਾ ਹੱਟੀਆਂ ਉੱਤੇ ਅਤੇ ਕਿਸਾਨਾਂ ਦਾ ਖੇਤਾਂ ਵਿਚਲਾ ਸਮਾਂ ਇੱਕੋ ਜਿਹਾ ਹੁੰਦਾ ਸੀ। ਘਰ ਵਿੱਚ ਸੁਆਣੀਆਂ ਹੀ ਹੁੰਦੀਆਂ ਸਨ, ਜਿਨ੍ਹਾਂ ਨੇ ਘਰ-ਬਾਰ ਸੰਭਾਲਣਾ ਹੁੰਦਾ ਤੇ ਬੱਚੇ ਵੀ। ਕਿਸਾਨ ਦੀ ਪਤਨੀ ਨੂੰ ਤਾਂ ਉਪਰਲੇ ਕੰਮ, ਡੰਗਰ ਪਸ਼ੂ ਵੀ ਵੇਖਣੇ ਪੈਂਦੇ ਸਨ।

ਗੱਲ ਬਦਲਦੇ ਜ਼ਮਾਨੇ ਤੋਂ ਸ਼ੁਰੂ ਕੀਤੀ ਸੀ, ਉਥੇ ਹੀ ਮੁੜ ਆਉਂਦਾ ਹਾਂ। ਅੱਜ ਦੀ ਪੀੜ੍ਹੀ ਨਿੱਕੇ ਬੱਚਿਆਂ ਨੂੰ ਆਪਣੀ ਜ਼ਿੰਦਗੀ ਸਮਰਪਿਤ ਕਰੀ ਬੈਠੀ ਹੈ। ਮੈਂ ਆਪ ਆਪਣੀ ਦੋਹਤੀ ਨੂੰ ਵੱਡੇ ਹੁੰਦਿਆਂ ਵੇਖ ਕੇ ਜ਼ਿੰਦਗੀ ਮਾਣਨ ਲੱਗਾ ਹਾਂ। ਉਸ ਦੇ ਨਿੱਕੇ ਵੱਡੇ ਪਲ, ਉਸ ਦੇ ਡਿੱਗਦੇ-ਢਹਿੰਦੇ ਕਦਮ ਵੇਖ ਕੇ ਮੈਨੂੰ ਲੱਗਣ ਲੱਗਾ ਹੈ ਕਿ ਮੈਨੂੰ ਜਿੰਨਾ ਕੀਮਤੀ ਸਮਾਂ ਬੱਚਿਆਂ ਨੂੰ ਦੇਣਾ ਚਾਹੀਦਾ ਸੀ, ਉਹ ਮੈਂ ਕੰਮਾਂ ਵਿੱਚ ਗਵਾ ਦਿੱਤਾ ਹੈ। ਮੇਰੀ ਦੋਹਤੀ ਦਾ ਆਪਣੀ ਨਾਨੀ ਨਾਲ ਵਧੇਰੇ ਮੋਹ ਹੈ। ਮੇਰੇ ਨਾਲ ਦਿਲ ਕਰੇ ਤਾਂ ਭਿਜਦੀ ਹੈ, ਮਨ ਕਰੇ ਤਾਂ ਪਰੇ ਰਹਿੰਦੀ ਹੈ। ਇੱਕ ਦਿਨ ਮਾਂ ਧੀ ਨੇ ਡਾਕਟਰ ਕੋਲ ਜਾਣਾ ਸੀ। ਡਾਕਟਰ ਕੋਲ ਸਮਾਂ ਲੱਗ ਜਾਣਾ ਸੀ। ਇਸ ਲਈ ਦੋਹਤੀ ਨੂੰ ਸਾਂਭਣ ਲਈ ਮੈਨੂੰ ਵੀ ਨਾਲ ਜਾਣਾ ਪਿਆ। ਜਦੋਂ ਦੋਵੇਂ ਅੰਦਰ ਗਈਆਂ ਤਾਂ ਮੇਰੀ ਦੋਹਤੀ ਪਹਿਲਾਂ ਮੇਰੇ ਕੋਲ ਚਾਅ ਨਾਲ ਆ ਗਈ, ਪਰ ਕੁਝ ਮਿੰਟਾਂ ਬਾਅਦ ਮੇਰੀ ਗੋਦੀ ਵਿੱਚੋਂ ਉਤਰਨ ਦੀ ਜ਼ਿੱਦ ਕਰਨ ਲੱਗ ਪਈ। ਮੈਂ ਉਸ ਨੂੰ ਗੁਬਾਰੇ ਲੈ ਦੇਣ ਦੇ ਬਹਾਨੇ ਮਾਰਕੀਟ ਲੈ ਗਿਆ। ਮਾਰਕੀਟ ਵਿੱਚ ਗੁਬਾਰੇ ਵਾਲਾ ਹੈ ਨਹੀਂ ਸੀ ਤੇ ਮੈਂ ਲੌਲੀਪਾਪ ਲੈ ਲਿਆ। ਮੈਂ ਲੌਲੀਪੋਪ ਖੋਲ੍ਹ ਕੇ ਉਸ ਵੱਲ ਵਧਾਇਆ ਤਾਂ ਉਸ ਨੇ ਦੰਦਾਂ ਵੱਲ ਇਸ਼ਾਰਾ ਕਰਦਿਆਂ ਇੱਕ ਵਾਰ ਨਾਂਹ ਕਰ ਦਿੱਤੀ, ਪਰ ਫਿਰ ਲੈ ਵੀ ਲਿਆ। ਬਾਅਦ ਵਿੱਚ ਪਤਾ ਲੱਗਾ ਕਿ ਉਸ ਦੀ ਮਾਂ ਨੇ ਕਿਹਾ ਹੋਇਆ ਸੀ ਕਿ ਲੌਲੀਪਾਪ ਨਾਲ ਦੰਦ ਖਰਾਬ ਹੋ ਜਾਂਦੇ ਨੇ ਤੇ ਫਿਰ ਡਾਕਟਰ ਟੀਕਾ ਲਾਉਂਦਾ ਹੈ। ਅਣਭੋਲ ਦਿਲ ਖਾਣ ਲਈ ਵੀ ਕਰਦਾ ਸੀ। ਉਸ ਨੇ ਲੌਲੀਪਾਪ ਫੜ ਲਿਆ ਤੇ ਉਸ ਦੇ ਉਪਰਲੇ ਕਾਗਜ਼ ਲਾਹ ਕੇ ਮੇਰੇ ਵੱਲ ਧੱਕ ਕੇ ਸੁੱਟਣ ਦਾ ਇਸ਼ਾਰਾ ਕੀਤਾ ਤੇ ਬੋਲੀ, 'ਸਾਈ ਥੋ' (ਸਾਈਡ ਥਰੋ)। ਮੈਂ ਅਗਲੇ ਚੌਕ ਦੀਆਂ ਬੱਤੀਆਂ ਉਤੇ ਕਾਰ ਦਾ ਸ਼ੀਸ਼ਾ ਖੋਲ੍ਹ ਕੇ ਕਾਗਜ਼ ਬਾਹਰ ਸੁੱਟ ਦਿੱਤਾ ਤਾਂ ਉਹ ਦੋਵੇਂ ਹੱਥਾਂ ਨੂੰ ਹਿਲਾ-ਹਿਲਾ ਕੇ ਰੋਣ ਲੱਗ ਪਈ।

ਉਸ ਦੀ ਉਮਰ ਦੋ ਸਾਲ ਹੈ, ਪੂਰਾ ਬੋਲਦੀ ਨਹੀਂ, ਪਰ ਇਸ਼ਾਰਿਆਂ ਨਾਲ ਸਾਰਾ ਕੁਝ ਸਮਝਾ ਦਿੰਦੀ ਹੈ। ਉਸ ਨੇ ਆਪਣੀ ਗੱਲ ਮੇਰੇ ਖਾਨੇ ਵਿੱਚ ਪਾ ਦਿੱਤੀ ਕਿ ਉਸ ਨੇ ਕਾਗਜ਼ ਕਾਰ ਤੋਂ ਬਾਹਰ ਸੁੱਟਣ ਲਈ ਨਹੀਂ, ਸਗੋਂ ਕਾਰ ਦੀ ਖਿੜਕੀ ਵਿੱਚ ਬਣੇ ਡਸਟਬਿਨ ਵਿੱਚ ਪਾਉਣ ਲਈ ਕਿਹਾ ਸੀ। ਹਾਲੇ ਬੱਤੀ ਹਰੀ ਨਹੀਂ ਹੋਈ ਸੀ। ਮੈਂ ਬਾਹਰ ਸੁੱਟਿਆ ਕਾਗਜ਼ ਮੁੜ ਚੁੱਕ ਕੇ ਆਪਣੀ ਗੱਡੀ ਵਿੱਚ ਬਣੇ ਡਸਟਬਿਨ ਵਿੱਚ ਪਾ ਦਿੱਤਾ। ਫਿਰ ਉਸ ਨੇ ਕੁਝ ਬੋਲਿਆ; ਜਿਹੜਾ ਮੇਰੀ ਸਮਝ ਨਾ ਪਿਆ। ਅਸਲ ਵਿੱਚ ਦੋਹਤੀ ਤੇ ਮੇਰੀ ਧੀ ਉੱਤੇ 'ਗੂੰਗੇ ਦੀਆਂ ਰਮਜ਼ਾਂ ਗੂੰਗੇ ਦੀ ਮਾਂ ਸਮਝੇ' ਵਾਲੀ ਗੱਲ ਵਧੇਰੇ ਢੁਕਦੀ ਹੈ। ਮਾਂ, ਬੇਟੀ ਦੇ ਇਸ਼ਾਰੇ ਤੋਤਲੀ ਬੋਲੀ, ਅੱਧੇ-ਅਧੂਰੇ ਵਾਕ ਸਭ ਸਮਝਦੀ ਹੈ। ਉਸ ਦੀ ਮਾਂ ਨੇ ਮੈਨੂੰ ਬਾਅਦ ਵਿੱਚ ਦੱਸਿਆ ਕਿ ਉਸ ਨੇ ਬੇਟੀ ਨੂੰ ਸਮਝਾ ਰੱਖਿਆ ਹੈ ਕਿ ਸੜਕਾਂ ਉਤੇ ਗੰਦ ਪਾਉਣ ਵਾਲਿਆਂ ਨੂੰ ਗੁੱਸੇ ਵਾਲੇ ਲੋਕ ਯਾਨੀ ਪੁਲਸ ਚੁੱਕ ਕੇ ਲੈ ਜਾਂਦੀ ਹੈ ਤੇ ਇਹੋ ਗੱਲ ਉਸ ਨੇ ਮੈਨੂੰ ਕਾਰ ਵਿੱਚ ਤੋਤਲੀ ਜ਼ੁਬਾਨ ਨਾਲ ਸਮਝਾਉਣੀ ਚਾਹੀ ਸੀ। ਮੈਂ ਦੋਹਤੀ ਨੂੰ ਲੈ ਕੇ ਵਾਪਸ ਡਾਕਟਰ ਦੇ ਕਲੀਨਿਕ ਪਹੁੰਚਿਆ ਤਾਂ ਮੇਰੀ ਪਤਨੀ ਅਤੇ ਬੇਟੀ ਬਾਹਰ ਖੜ੍ਹੀਆਂ ਸਾਨੂੰ ਉਡੀਕ ਰਹੀਆਂ ਸਨ। ਮੇਰੀ ਦੋਹਤੀ ਬਾਹਾਂ ਖਿਲਾਰ ਕੇ ਆਪਣੀ ਮਾਂ ਵੱਲ ਉਛਲ ਪਈ। ਮੈਂ ਅੰਦਰੋਂ ਅੰਦਰੀ ਸ਼ਰਮਿੰਦਾ ਹੋ ਰਿਹਾ ਸਾਂ। ਆਪਣੀ ਦੋਹਤੀ ਨੂੰ ਬੇਟੀ ਵੱਲ ਵਧਾਉਂਦਿਆਂ ਮੈਂ ਦੋਵੇਂ ਕੰਨ ਫੜ ਕੇ ਕਿਹਾ, 'ਆਜਮੀਨ ਬੇਟਾ ਸੌਰੀ'। ਮੇਰੀ ਦੋਹਤੀ ਦੀਆਂ ਅੱਖਾਂ ਵਿੱਚ ਉਸ ਵੇਲੇ ਦੀ ਚਮਕ ਵੇਖਣ ਵਾਲੀ ਸੀ। ਉਸ ਦੇ ਮੂੰਹੋਂ ਤੋਤਲੀ ਜ਼ੁਬਾਨ ਵਿੱਚ 'ਵੈਲਕਮ ਨਾਨੂੰ' ਸੁਣਦੇ ਹੀ ਸਾਰਿਆਂ ਨੇ ਤਾੜੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਆਜਮੀਨ ਦੀ ਮਾਂ ਨੇ ਸਾਨੂੰ ਸਭ ਨੂੰ ਹਦਾਇਤ ਦਿੱਤੀ ਹੈ ਕਿ ਜਦੋਂ ਕੋਈ ਨਵੀਂ ਗੱਲ ਕਰੇ ਤਾਂ ਤਾੜੀ ਮਾਰ ਕੇ ਉਸ ਨੂੰ ਹੱਲਾਸ਼ੇਰੀ ਦੇਣੀ ਹੈ।

# ਨਿਘਰਦੀਆਂ ਜਾ ਰਹੀਆਂ ਨੇ ਇਨਸਾਨੀ ਕਦਰਾਂ ਕੀਮਤਾਂ

-ਕਮਲਜੀਤ ਸਿੰਘ ਬਨਵੈਤ

ਵੋਟਾਂ ਤੋਂ ਦੋ ਦਿਨ ਪਹਿਲਾਂ ਦੀ ਗੱਲ ਹੈ। ਮੇਰਾ ਬੇਟਾ ਤੇ ਮੈਂ ਦੋਵੇਂ ਸ਼ਾਮ ਦੀ ਡਿਊਟੀ ਲਈ ਘਰ ਤੋਂ ਦਫਤਰ ਨੂੰ ਸਾਢੇ ਪੰਜ ਕੁ ਵਜੇ ਨਿਕਲੇ ਸੀ। ਕਾਰ ਬੇਟਾ ਚਲਾ ਰਿਹਾ ਸੀ। ਮੈਂ ਉਸ ਦੇ ਨਾਲ ਮੂਹਰਲੀ ਸੀਟ 'ਤੇ ਬੈਠਾ ਵਟਸਐਪ ਵੇਖਣ ਦਾ ਲਾਭ ਲੈ ਰਿਹਾ ਸੀ। ਸੈਕਟਰ 46-47 ਦੇ ਚੌਕ 'ਤੇ ਉਹ ਇਕਦਮ ਕਾਰ ਰੋਕ ਕੇ ਮੈਨੂੰ ਬਗੈਰ ਕੁਝ ਦੱਸੇ ਤਾਕੀ ਖੋਲ੍ਹ ਕੇ ਬਾਹਰ ਨਿਕਲ ਗਿਆ। ਇਸ ਤੋਂ ਪਹਿਲਾਂ ਕਿ ਮੈਂ ਉਸ ਨੂੰ ਪੁੱਛਦਾ, ਉਸ ਦੇ ਕਦਮ ਤੇਜ਼ੀ ਨਾਲ ਚੌਕ ਦੇ ਅੱਧ ਤੱਕ ਪਹੁੰਚ ਗਏ। ਮੈਂ ਦੇਖਿਆ ਕਿ ਚੌਕ ਦੇ ਐਨ ਵਿਚਕਾਰ ਐਕਟਿਵਾ ਸਕੂਟਰ ਡਿੱਗਿਆ ਪਿਆ ਸੀ ਤੇ ਉਸ ਦੇ ਨਾਲ ਡਿੱਗੇ ਗੱਤੇ ਦੇ ਡੱਬੇ 'ਚੋਂ ਦੇਸੀ ਸ਼ਰਾਬ ਦੀਆਂ ਬੋਤਲਾਂ ਨਿਵਾਣ ਵੱਲ ਨੂੰ ਰਿੜ੍ਹ ਰਹੀਆਂ ਸਨ। ਪਰ੍ਹੇ ਸੜਕ 'ਤੇ ਇਕ ਨੌਜਵਾਨ ਗੰਭੀਰ ਜ਼ਖਮੀ ਹੋਇਆ ਪਿਆ ਸੀ। ਉਸ ਦੇ ਨਾਲ ਇਕ ਸੈਂਟਰੋ ਕਾਰ ਵੀ ਖੜੀ ਸੀ। ਗਹੁ ਨਾਲ ਵੇਖਿਆ ਤਾਂ ਪਤਾ ਲੱਗਾ ਕਿ ਕਾਰ ਸਕੂਟਰ ਦੀ ਟੱਕਰ ਹੋਈ ਹੈ। ਹਾਦਸਾ ਹੋ ਜਾਣ ਕਰਕੇ ਚੌਕ ਵਿੱਚ ਭੀੜ ਇਕੱਠੀ ਹੋਣ ਲੱਗੀ ਸੀ।

ਇੰਨੇ ਨੂੰ ਸ਼ਿਮਲਾ ਤੋਂ ਜਲੰਧਰ ਬਰਾ-ਸਤਾ ਚੰਡੀਗੜ੍ਹ ਨੂੰ ਜਾਂਦੀ ਪੰਜਾਬ ਰੋਡਵੇਜ਼ ਦੀ ਇਕ ਬੱਸ ਆ ਰੁਕੀ। ਬੱਸ ਦਾ ਡਰਾਈਵਰ ਤਾਕੀ ਦਾ ਸ਼ੀਸ਼ਾ ਹੇਠਾਂ ਕਰਕੇ ਉਥੇ ਖੜੇ ਲੋਕਾਂ ਤੋਂ ਜਾਣਕਾਰੀ ਲੈਣ ਲੱਗ ਪਿਆ। ਪਿਛਲੀ ਸੀਟ ਉੱਤੇ ਬੈਠੇ ਕੰਡਕਟਰ ਦੀ ਅੱਖ ਗੱਤੇ ਦੇ ਡੱਬੇ ਵਿੱਚੋਂ ਖਿੰਡ ਰਹੀਆਂ ਬੋਤਲਾਂ ਨੂੰ ਘੂਰਨ ਲੱਗੀ ਸੀ। ਉਹ ਬੱਸ ਤੋਂ ਛੇਤੀ ਦੇਣੀ ਉਤਰਿਆ ਅਤੇ ਹਾਦਸਾ ਗ੍ਰਸਤ ਸਕੂਟਰ ਨਾਲ ਪਏ ਗੱਤੇ ਦੇ ਡੱਬੇ ਵਿੱਚੋਂ ਰਿੜ੍ਹੀਆਂ ਦੇਸੀ ਸ਼ਰਾਬ ਵਾਲੀਆਂ ਪਲਾਸਟਿਕ ਦੀਆਂ ਦੋ ਬੋਤਲਾਂ ਕੱਛੇ ਮਾਰ ਮੁੜ ਬੱਸ ਵਿੱਚ ਆ ਚੜ੍ਹਿਆ ਅਤੇ ਲੰਮੀ ਸੀਟੀ ਮਾਰ ਕੇ ਬੱਸ ਭਜਾਉਣ ਦਾ ਇਸ਼ਾਰਾ ਦੇ ਦਿੱਤਾ। ਚੌਕ ਦੇ ਪਰਲੇ ਪਾਸੇ ਖੜੇ ਦੋ ਹੋਰ ਮਜ਼ਦੂਰ ਆਏ ਤੇ ਉਹ ਵੀ ਬੋਤਲਾਂ ਚੁੱਕ ਕੇ ਤੁਰ ਗਏ। ਐਨੇ ਨੂੰ ਪੁਲਸ ਦੀ ਜਿਪਸੀ ਆ ਰੁਕੀ। ਪੁਲਸ ਨੇ ਐਂਬੂਲੈਂਸ ਸੱਦ ਲਈ। ਐਂਬੂਲੈਂਸ ਫੱਟੜ ਨੂੰ ਲੈ ਕੇ ਸੈਕਟਰ 32 ਦੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਵੱਲ ਦੌੜ ਪਈ। ਉਸ ਦੇ ਮਗਰ ਹੀ ਪੁਲਸ ਨੇ ਗੱਤੇ ਦੇ ਡੱਬੇ 'ਚ ਪਈਆਂ ਬੋਤਲਾਂ ਨੂੰ ਜਿਪਸੀ ਵਿੱਚ ਲੱਦ ਕੇ ਜ਼ੋਰ ਦੀ ਰੇਸ ਦੱਬ ਦਿੱਤੀ ਸੀ।

ਮੈਂ ਕਾਰ ਦਾ ਸ਼ੀਸ਼ਾ ਖੋਲ੍ਹ ਕੇ ਸੜਕ ਦੇ ਇਕ ਪਾਸੇ ਸਕੂਟਰ 'ਤੇ ਬੈਠੇ ਬੰਦੇ ਨੂੰ ਹਾਦਸੇ ਬਾਰੇ ਪੁੱਛਣਾ ਚਾਹਿਆ ਤਾਂ ਉਹ ਮੇਰੀਆਂ ਸੁਆਲੀਆ ਅੱਖਾਂ ਨੂੰ ਪੜ੍ਹਦਿਆਂ ਹੀ ਬੋਲ ਪਿਆ, 'ਜ਼ਮਾਨਾ ਬੜਾ ਮਾੜਾ ਆ ਗਿਆ। ਲੋਕ ਤਾਂ ਮਰੇ ਬੰਦੇ ਦੇ ਉਪਰ ਦੀ ਲੰਘ ਜਾਂਦੇ ਆ।' ਨਾਲ ਪਰ੍ਹੇ ਇਕ ਕਾਰ ਵਿੱਚ ਡਰਾਈਵਰ ਦੇ ਨਾਲ ਦੀ ਸੀਟ 'ਤੇ ਔਰਤ ਹੱਥ ਜੋੜੀ ਬੈਠੀ ਸੀ। ਉਹ ਬੋਲੀ, 'ਲੋਕਾਂ ਦਾ ਵੱਸ ਚੱਲੇ ਤਾਂ ਮੁਰਦੇ ਦਾ ਕਫਨ ਵੇਚ ਕੇ ਵੀ ਖਾ ਜਾਣ। ਦੇਖੋ ਨਾ ਅੱਜ ਸ਼ਰਾਬ ਦੀ ਬੋਤਲ ਨਾਲੋਂ ਬੰਦਾ ਸਸਤਾ ਹੋ ਗਿਐ।' ਇਹ ਸਾਰੀ ਦ੍ਰਿਸ਼ਾਵਲੀ ਦੇਖ ਕੇ ਮੈਂ ਇੰਨਾ ਦਹਿਲ ਗਿਆ ਕਿ ਨਾ ਮੈਂ ਫੱਟੜ ਕੋਲ ਜਾ ਕੇ ਮਦਦ ਕਰ ਸਕਿਆ ਅਤੇ ਨਾ ਵਾਪਸ ਆਏ ਬੇਟੇ ਤੋਂ ਹਾਦਸੇ ਬਾਰੇ ਜਾਣਕਾਰੀ ਲੈ ਸਕਿਆ। ਬੇਟੇ ਨੇ ਐਨਾ ਕਹਿੰਦਿਆਂ ਕਾਰ ਸਟਾਰਟ ਕਰ ਲਈ ਕਿ ਚਲੋ ਬੰਦਾ ਬਚ ਗਿਆ ਲਗਦੈ, ਸ਼ਰਾਬ ਦਾ ਕੋਈ ਨਹੀਂ। ਉਥੇ ਖੜੇ ਲੋਕਾਂ ਵਿੱਚ ਚਰਚਾ ਸੀ ਕਿ ਪੇਟੀ ਤਾਂ ਵੋਟਾਂ ਵਾਲੇ ਦੇ ਗਏ ਹੋਣੇ ਆ।

ਮੈਂ ਕਾਰ 'ਚ ਬੈਠਾ ਜਿਵੇਂ ਕਿਤੇ ਗੁਆਚ ਗਿਆ ਹੋਵਾਂ। ਮੇਰੀਆਂ ਅੱਖਾਂ ਅੱਗੋਂ ਹਾਦਸੇ 'ਚ ਫੱਟੜ ਲੋਕਾਂ ਦੀ ਬਾਹਾਂ 'ਚੋਂ ਲਾਹੇ ਜਾਂਦੇ ਗਹਿਣਿਆਂ ਅਤੇ ਜੇਬਾਂ ਵਿੱਚੋਂ ਕੱਢੀ ਜਾ ਰਹੀ ਨਗਦੀ ਦੀਆਂ ਘਟਨਾਵਾਂ ਦੀਆਂ ਖਬਰਾਂ ਫਿਲਮ ਦੀ ਤਰ੍ਹਾਂ ਇਕ-ਇਕ ਕਰਕੇ ਲੰਘ ਰਹੀਆਂ ਸਨ। ਦਫਤਰ ਪੁੱਜਣ 'ਤੇ ਬੇਟੇ ਨੂੰ ਬਿਨਾ ਕੁਝ ਕਹੇ ਮੈਂ ਕਾਰ ਤੋਂ ਉਤਰ ਕੇ ਆਪਣੇ ਕਮਰੇ ਵਿੱਚ ਪਹੁੰਚ ਗਿਆ। ਲੋਕਾਂ ਦੁਆਰਾ ਹਾਦਸੇ ਵਿੱਚ ਜ਼ਖਮੀ ਵਿਅਕਤੀ ਦੀ ਸਹਾਇਤਾ ਨਾ ਕਰਨ ਦੀ ਥਾਂ ਉਸ ਦੀਆਂ ਸ਼ਰਾਬ ਦੀਆਂ ਬੋਤਲਾਂ ਲਿਜਾਣ ਦੇ ਕਰਮ ਨੇ ਉਸ ਦਿਨ ਕੰਮ ਦੌਰਾਨ ਵੀ ਮੈਨੂੰ ਬੇਚੈਨ ਕਰੀ ਰੱਖਿਆ।



## ਨਕਲੀ ਕਰੰਸੀ ਚਲਾਉਣ ਵਾਲੇ ਗਿਰੋਹ ਦੇ ਚਾਰ ਮੈਂਬਰ ਗ੍ਰਿਫਤਾਰ

ਪਾਤੜਾਂ, 13 ਨਵੰਬਰ (ਪੋਸਟ ਬਿਊਰੋ)- ਜ਼ਿਲਾ ਪਟਿਆਲਾ ਵਿੱਚ ਮਾਰਚ ਤੋਂ ਅੱਜ ਤੱਕ ਪੰਜਵੀਂ ਕੇਸ ਨਕਲੀ ਕਰੰਸੀ ਦਾ ਸਾਹਮਣੇ ਆਇਆ ਹੈ। ਪੈਟਰੋਲ ਪੰਪ ਤੇ ਕਰਿਆਨੇ ਦੀਆਂ ਦੁਕਾਨਾਂ 'ਤੇ ਨਕਲੀ ਨੋਟ ਚਲਾਉਣ ਵਾਲੇ ਚਾਰ ਮੈਂਬਰੀ ਗਿਰੋਹ ਨੂੰ ਘੱਗਾ ਪੁਲਸ ਨੇ 500-500 ਦੇ 10 ਜਾਅਲੀ ਨੋਟਾਂ ਸਮੇਤ ਕਾਬੂ ਕੀਤਾ ਹੈ। ਪਿਛਲੇ ਮਹੀਨੇ ਪਾਤੜਾਂ ਵਿੱਚ ਤਿੰਨ ਠੱਗਾਂ ਨੂੰ ਨਕਲੀ ਕਰੰਸੀ ਸਮੇਤ ਪਾਤੜਾਂ ਪੁਲਸ ਨੇ ਫੜਿਆ ਸੀ। ਇਸ ਵਾਰੀ ਏ ਐਸ ਆਈ ਕੁਲਵੰਤ ਸਿੰਘ ਨੇ ਸੂਚਨਾ 'ਤੇ ਦੋਸ਼ੀ ਰਾਜਨ ਰਾਮ, ਕਪਤਾਨ ਸਿੰਘ ਤੇ ਦਿਲਦਾਰ ਖਾਨ ਨੂੰ ਪਿੰਡ ਬੂਟਾ ਸਿੰਘ ਵਾਲਾ ਤੋਂ ਕਾਬੂ ਕੀਤਾ ਹੈ। ਇਨ੍ਹਾਂ ਦੀ ਨਿਸ਼ਾਨਦੇਹੀ 'ਤੇ ਇੱਕ ਹੋਰ ਦੋਸ਼ੀ ਲਖਵਿੰਦਰ ਸਿੰਘ ਵਾਸੀ ਬਾਮਣਾ ਪੱਤੀ ਨੂੰ ਫੜਿਆ ਹੈ। ਦੋਸ਼ੀਆਂ ਤੋਂ 5 ਹਜ਼ਾਰ ਰੁਪਏ ਦੇ ਨਕਲੀ 500-500 ਦੇ ਨੋਟ ਬਰਾਮਦ ਕਰਕ ਕੇ ਕੇਸ ਦਰਜ ਕੀਤਾ ਹੈ।

ਇਸ ਸਾਰੇ ਕੇਸ ਦਾ ਦਿਲਚਸਪ ਪਹਿਲੂ ਇਹ ਹੈ ਕਿ ਸਾਰੇ ਦੋਸ਼ੀਆਂ ਨੇ ਪਟਿਆਲਾ ਸ਼ਹਿਰ ਦੇ ਕਿਸੇ ਮਣੀ ਨਾਮਕ ਵਿਅਕਤੀ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਦਾ ਕਹਿਣਾ ਹੈ ਕਿ ਉਹ ਪਟਿਆਲਾ ਸ਼ਹਿਰ ਤੋਂ ਸਾਰੀ ਜਾਅਲੀ ਕਰੰਸੀ ਸਪਲਾਈ ਕਰਦਾ ਹੈ। ਪੁਲਸ ਇਸ ਦੇ ਬਾਅਦ ਮਣੀ ਨਾਂਅ ਦੇ ਵਿਅਕਤੀ ਨੂੰ ਨਾਮਜ਼ਦ ਕਰ ਕੇ ਤਲਾਸ਼ ਵਿੱਚ ਲੱਗ ਗਈ ਹੈ। ਪਿਛਲੇ ਸਮੇਂ ਦੇ ਜਿਹੜੇ ਅੰਕੜੇ ਆ ਰਹੇ ਹਨ, ਉਨ੍ਹਾਂ ਨੂੰ ਦੇਖ ਕੇ ਲੱਗਦਾ ਹੈ ਕਿ ਪਟਿਆਲਾ ਵਿੱਚ ਜਾਅਲੀ ਕਰੰਸੀ ਦਾ ਕਾਰੋਬਾਰ ਬੇਹੱਦ ਵੱਡੇ ਪੱਧਰ ਉੱਤੇ ਹੋ ਰਿਹਾ ਹੈ। ਮਿਲੀ ਜਾਣਕਾਰੀ ਮੁਤਾਬਕ ਦੇ ਦੋਸ਼ੀਆਂ ਵੱਲੋਂ ਸਮਾਣਾ ਅਤੇ ਘੱਗਾ ਵਿੱਚ ਚਲਾਏ ਨਕਲੀ ਨੋਟਾਂ ਦੀ ਦੁਕਾਨਾਂ ਦੀ ਪੁਲਸ ਲਿਸਟ ਬਣਾ ਰਹੀ ਹੈ। ਪੁਲਸ ਅਨੁਸਾਰ ਪੁੱਛਗਿੱਛ ਵਿੱਚ ਦੋਸ਼ੀ ਦਿਲਦਾਰ ਖਾਨ ਨੇ ਮੰਨਿਆ ਕਿ ਦੋਸ਼ੀ ਮਣੀ ਉਸ ਨੂੰ ਕਰੀਬ 20 ਦਿਨ ਪਹਿਲਾਂ 10 ਹਜ਼ਾਰ ਰੁਪਏ ਵਿੱਚ 20 ਹਜ਼ਾਰ ਰੁਪਏ ਦੇ ਕੇ ਗਿਆ ਸੀ। ਇਹ ਪੈਸੇ ਉਹ ਅੱਗੇ ਆਪਸ ਵਿੱਚ ਵੰਡ ਲੈਂਦੇ ਸਨ। ਦਿਲਦਾਰ ਖਾਨ ਤੇ ਲਖਵਿੰਦਰ ਦੇ ਮੁਤਾਬਕ ਉਹ ਪੈਸੇ ਦੀ ਵਰਤੋਂ ਦੁਕਾਨਾਂ 'ਤੇ ਛੋਟਾ-ਮੋਟਾ ਸਾਮਾਨ ਖਰੀਦਣ ਲਈ ਕਰਦੇ ਸਨ।

### ਜੇਲ੍ਹ ਮੰਤਰੀ ਨੇ ਕਿਹਾ:

## ਰਾਜੋਆਣਾ ਦੀ ਫਾਂਸੀ ਦਾ ਕੇਸ ਪੰਜਾਬ ਦਾ ਨਹੀਂ, ਚੰਡੀਗੜ੍ਹ ਯੂ ਟੀ ਨਾਲ ਸਬੰਧਿਤ

ਚੰਡੀਗੜ੍ਹ, 13 ਨਵੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦੇ ਦੋਸ਼ ਕਾਰਨ ਅਦਾਲਤ ਤੋਂ ਫਾਂਸੀ ਦੀ ਸਜ਼ਾ ਹੋਣ ਪਿੱਛੋਂ ਜੇਲ੍ਹ ਵਿੱਚ ਬੰਦ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਮੁਆਫ ਕਰਨ ਦੀ ਫਾਈਲ ਪੰਜਾਬ ਸਰਕਾਰ ਨੂੰ ਭੇਜਣ ਬਾਰੇ ਪੰਜਾਬ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦਾ ਕਹਿਣਾ ਹੈ ਕਿ ਇਹ ਮਾਮਲਾ ਪੰਜਾਬ ਸਰਕਾਰ ਨਾਲ ਨਹੀਂ, ਸਗੋਂ ਚੰਡੀਗੜ੍ਹ ਯੂ ਟੀ ਪ੍ਰਸ਼ਾਸਨ ਨਾਲ ਸਬੰਧਿਤ ਹੈ ਤੇ ਇਸ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਅਗਲੀ ਕਾਰਵਾਈ ਯੂ ਟੀ ਪ੍ਰਸ਼ਾਸਨ ਨੇ ਕਰਨੀ ਹੈ।



ਰਾਜੋਆਣਾ ਕੇਸ ਨਾਲ ਸੰਬੰਧਤ ਕਿਸੇ ਕਿਸਮ ਦੀ ਫਾਈਲ ਮੁੱਖ ਮੰਤਰੀ ਦਫਤਰ ਪਹੁੰਚਣ ਦੀ ਸੂਚਨਾ ਤੋਂ ਇਨਕਾਰ ਕਰਦੇ ਹੋਏ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਰਾਜੋਆਣਾ ਸਿਰਫ ਸਾਡੀ ਜੇਲ੍ਹ ਵਿੱਚ ਹੈ, ਇਸ ਕੇਸ ਦੀ ਅਗਲੀ ਸਾਰੀ ਕਾਰਵਾਈ ਚੰਡੀਗੜ੍ਹ ਪ੍ਰਸ਼ਾਸਨ ਕਰੇਗਾ ਅਤੇ ਪੰਜਾਬ ਸਰਕਾਰ ਨੂੰ ਸਿਰਫ ਉਸ ਦੀ ਸੂਚਨਾ ਦੇਵੇਗਾ। ਉਨ੍ਹਾਂ ਨੇ ਕਿਹਾ ਕਿ ਅਸੀਂ ਤਾਂ ਰਾਜੋਆਣਾ ਨੂੰ ਪੈਰੋਲ ਵੀ ਨਹੀਂ ਦੇ ਸਕਦੇ। ਜੇਲ੍ਹ ਮੰਤਰੀ ਨੇ ਕਿਹਾ ਕਿ ਕੇਂਦਰ ਨੇ ਪੰਜਾਬ ਸਰਕਾਰ ਤੋਂ ਰਾਜੋਆਣਾ ਬਾਰੇ ਜੋ ਜਾਣਕਾਰੀ ਮੰਗੀ ਸੀ, ਉਹ ਦੇ ਦਿੱਤੀ ਗਈ, ਜਿਸ ਪਿੱਛੋਂ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ 'ਚ ਤਬਦੀਲ ਕਰਨ ਦਾ ਫੈਸਲਾ ਕੇਂਦਰੀ ਗ੍ਰਹਿ ਮੰਤਰਾਲੇ ਨੇ ਲਿਆ ਹੈ।

ਦੂਜੇ ਪਾਸੇ ਚੰਡੀਗੜ੍ਹ ਪ੍ਰਸ਼ਾਸਨ ਨੂੰ ਇਸ ਬਾਰੇ ਕੇਂਦਰ ਸਰਕਾਰ ਤੋਂ ਚਿੱਠੀ ਮਿਲਣ ਦੀ ਸੂਚਨਾ ਮਿਲੀ ਹੈ। ਚੰਡੀਗੜ੍ਹ ਪ੍ਰਸ਼ਾਸਨ ਦੇ ਗ੍ਰਹਿ ਸਕੱਤਰ ਅਰੁਣ ਕੁਮਾਰ ਨੇ ਗੱਲਬਾਤ ਦੌਰਾਨ ਕਿਹਾ ਕਿ ਚੰਡੀਗੜ੍ਹ ਪ੍ਰਸ਼ਾਸਨ ਨੂੰ ਇਸ ਬਾਰੇ ਪੱਤਰ ਮਿਲ ਗਿਆ ਹੈ ਅਤੇ ਇਸ ਉਤੇ ਅਗਲੀ ਕਾਰਵਾਈ ਵਿਚਾਰ ਕਰਨ ਮਗਰੋਂ ਕੀਤੀ ਜਾਵੇਗੀ। ਵਰਨਣ ਯੋਗ ਹੈ ਕਿ ਬਲਵੰਤ ਸਿੰਘ ਰਾਜੋਆਣਾ ਨੂੰ 31 ਮਾਰਚ 2012 ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ, ਜਿਸ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਇਸ ਹਫਤੇ ਉਮਰ ਕੈਦ ਵਿੱਚ ਤਬਦੀਲ ਕਰਨ ਦਾ ਫੈਸਲਾ ਕਰ ਲਿਆ ਹੈ।

## ਕਿਸਾਨਾਂ ਨੂੰ ਪਰਾਲੀ ਦਾ ਮੁਆਵਜ਼ਾ ਪਿਛਲੀ ਫਸਲ ਦੀ ਪੈਦਾਵਾਰ ਦੇ ਹਿਸਾਬ ਦਿੱਤਾ ਜਾਵੇਗਾ

ਚੰਡੀਗੜ੍ਹ, 13 ਨਵੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਵੱਲੋਂ ਪਰਾਲੀ ਨਿਪਟਾਰੇ ਲਈ ਕਿਸਾਨਾਂ ਨੂੰ ਖਰਚੇ ਪੂਰੇ ਕਰਨ ਲਈ 100 ਰੁਪਏ ਪ੍ਰਤੀ ਕੁਇੰਟਲ ਮੁਆਵਜ਼ਾ ਦਿੱਤੇ ਜਾਣ ਦੀ ਪੰਜਾਬ ਸਰਕਾਰ ਵੱਲੋਂ ਪ੍ਰਕਿਰਿਆ ਸ਼ੁਰੂ ਕਰ ਦੇਣ ਮਗਰੋਂ ਇਸ ਰਾਸ਼ੀ ਦੀ ਕਿਸਾਨਾਂ ਨੂੰ ਵੰਡ ਲਈ ਅਪਣਾਏ ਜਾਣ ਵਾਲੇ ਤਰੀਕਿਆਂ ਦੀ ਸਥਿਤੀ ਕਾਫੀ ਸਾਫ ਹੋ ਗਈ ਹੈ।



ਪਤਾ ਲੱਗਾ ਹੈ ਕਿ ਪੰਜਾਬ ਸਰਕਾਰ ਦਿੱਤੇ ਜਾਣ ਵਾਲੇ ਮੁਆਵਜ਼ੇ ਦੀ ਵੰਡ ਸੰਬੰਧੀ ਕਈ ਅਜਿਹੇ ਨਿਯਮ ਲਾਗੂ ਕਰ ਰਹੀ ਹੈ, ਜਿਸ ਨਾਲ ਇਸ ਦੀ ਅਦਾਇਗੀ ਵਿੱਚ ਮੁਸ਼ਕਲਾਂ ਆ ਸਕਦੀਆਂ ਹਨ। ਰਾਜ ਸਰਕਾਰ ਨੇ ਜ਼ਿਲਾ ਅਧਿਕਾਰੀਆਂ ਨੂੰ ਮੁਆਵਜ਼ੇ ਦੀ ਵੰਡ ਬਾਰੇ ਜਿਹੜੀਆਂ ਹਦਾਇਤਾਂ ਦਿੱਤੀਆਂ ਹਨ, ਉਨ੍ਹਾਂ ਮੁਤਾਬਕ 100 ਰੁਪਏ ਪ੍ਰਤੀ ਕੁਇੰਟਲ ਮੁਆਵਜ਼ਾ ਕਿਸਾਨਾਂ ਦੀ ਪਿਛਲੇ ਸਾਲ ਦੀ ਪੈਦਾਵਾਰ ਦੇ ਹਿਸਾਬ ਨਾਲ ਦਿੱਤਾ ਜਾਵੇਗਾ। ਪਿਛਲੇ ਸਾਲ ਦੀ ਕਿਸਾਨਾਂ ਦੀ ਪੈਦਾਵਾਰ ਦਾ ਜਲਦੀ ਹਿਸਾਬ ਲਾਉਣਾ ਸੌਖਾ ਨਹੀਂ ਅਤੇ ਇਹ ਇਕੱਠੀ ਕਰਨ ਲਈ ਕਾਗਜ਼ੀ ਕਾਰਵਾਈਆਂ 'ਚ ਮੁਆਵਜ਼ੇ ਵੰਡ ਦੇ ਕੰਮ ਵਿੱਚ ਦੇਰੀ ਹੋ ਸਕਦੀ ਹੈ। ਇਸੇ ਤਰ੍ਹਾਂ ਕਿਸਾਨਾਂ ਨੂੰ ਮੁਆਵਜ਼ਾ ਦੀ ਪ੍ਰਾਪਤੀ ਲਈ ਪਿੰਡ ਦੇ ਸਰਪੰਚ ਜਾਂ ਪੰਚਾਇਤ ਸਕੱਤਰ ਨੂੰ ਇੱਕ ਫਾਰਮ ਭਰ ਕੇ ਦੇਣ ਨੂੰ ਕਿਹਾ ਗਿਆ ਹੈ। ਇਨ੍ਹਾਂ ਫਾਰਮਾਂ ਦੀ ਅੱਗੇ ਐੱਸ ਡੀ ਐੱਮ ਵੱਲੋਂ ਜਾਂਚ ਕੀਤੀ ਜਾਵੇਗੀ। ਫਾਰਮ ਉਤੇ ਐੱਸ ਡੀ ਐੱਮ ਦੀ ਪੜਤਾਲ ਦੀ ਪ੍ਰਕਿਰਿਆ ਤੱਕ ਦਾ ਕੰਮ ਵੀ ਕਾਗਜ਼ੀ ਕਾਰਵਾਈ ਕਾਰਨ ਸਮਾਂ ਮੰਗੇਗਾ।

ਪੰਜਾਬ ਸਰਕਾਰ ਵੱਲੋਂ ਅਪਣਾਏ ਜਾ ਰਹੇ ਨਿਯਮਾਂ ਅਨੁਸਾਰ ਸਿਰਫ ਉਨ੍ਹਾਂ ਕਿਸਾਨਾਂ ਨੂੰ ਮੁਆਵਜ਼ਾ ਮਿਲੇਗਾ, ਜਿਨ੍ਹਾਂ ਨੇ ਆਪਣੇ ਖੇਤਾਂ 'ਚ ਪਰਾਲੀ ਦੀ ਸੰਭਾਲ ਕੀਤੀ ਹੈ। ਖੇਤ ਤੋਂ ਬਾਹਰ ਲਿਜਾ ਕੇ ਪਰਾਲੀ ਸੰਭਾਲਣ ਵਾਲਿਆਂ ਨੂੰ ਮੁਆਵਜ਼ਾ ਨਹੀ ਮਿਲੇਗਾ। ਸਰਕਾਰ ਦਾ ਤਰਕ ਹੈ ਕਿ ਖੇਤ ਤੋਂ ਬਾਹਰ ਲਿਜਾ ਕੇ ਪਰਾਲੀ ਦੇ ਨਿਪਟਾਰੇ ਨਾਲ ਕਿਸਾਨਾਂ ਦਾ ਖਰਚਾ ਨਹੀਂ ਹੁੰਦਾ ਅਤੇ ਹੋਏ ਖਰਚੇ ਦੀ ਭਰਪਾਈ ਪਰਾਲੀ ਨੂੰ ਵੇਚਣ ਨਾਲ ਹੋ ਜਾਂਦੀ ਹੈ। ਮੁਆਵਜ਼ੇ ਦੀ ਵੰਡ ਦੇ ਨਿਯਮਾਂ 'ਚ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਉਹ ਕਿਸਾਨ ਹੀ ਮੁਆਵਜ਼ੇ ਦੇ ਹੱਕਦਾਰ ਹੋਣਗੇ, ਜਿਨ੍ਹਾਂ ਨੇ ਖੇਤ ਵਿੱਚ ਪਰਾਲੀ ਨਹੀਂ ਸਾੜੀ ਅਤੇ ਬਚੀ ਹੋਈ ਪਰਾਲੀ ਨੂੰ ਖੇਤ ਵਿੱਚ ਸਾੜਨਗੇ ਵੀ ਨਹੀਂ। ਸਿਰਫ ਪੰਜ ਏਕੜ ਤੱਕ ਵਾਲਿਆਂ ਨੂੰ ਮੁਆਵਜ਼ਾ ਮਿਲੇਗਾ ਅਤੇ ਪੰਜ ਏਕੜ ਤੋਂ ਵੱਧ ਜ਼ਮੀਨ ਵਾਲੇ ਕਿਸਾਨਾਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ।

## ਬਲਾਤਕਾਰ ਤੋਂ ਰੋਕਣ ਉੱਤੇ ਔਰਤ ਦਾ ਕਤਲ ਕਰਨ ਵਾਲਾ ਕਾਬੂ

ਲੁਧਿਆਣਾ, 13 ਨਵੰਬਰ (ਪੋਸਟ ਬਿਊਰੋ)- ਥਾਣਾ ਡਾਬਾ ਦੇ ਘੇਰੇ ਵਿਚਲੇ ਗੁਰਮੇਲ ਨਗਰ 'ਚ ਆਪਣੇ ਦੋਸਤ ਦੀ ਪਤਨੀ ਨੂੰ ਕਤਲ ਕਰਨ ਵਾਲੇ ਨੌਜਵਾਨ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ।



ਇਸ ਸਬੰਧ ਵਿੱਚ ਡੀ ਸੀ ਪੀ ਸਿਮਰਤਪਾਲ ਸਿੰਘ ਢੀਂਡਸਾ ਨੇ ਦੱਸਿਆ ਕਿ ਇਹ ਕਾਰਵਾਈ ਥਾਣਾ ਡਾਬਾ ਦੇ ਐਸ ਐਚ ਓ ਰਵਿੰਦਰਪਾਲ ਸਿੰਘ ਦੀ ਅਗਵਾਈ ਹੇਠਲੀ ਪੁਲਸ ਨੇ ਕੀਤ ਹੈ ਅਤੇ ਗ੍ਰਿਫਤਾਰ ਕੀਤੇ ਦੋਸ਼ੀ ਦੀ ਪਛਾਣ ਉਪਿੰਦਰ ਵਰਮਾ ਵਜੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਉਪਿੰਦਰ ਵਰਮਾ ਮ੍ਰਿਤਕ ਔਰਤ ਪ੍ਰੀਤਮਾ ਦੇ ਪਤੀ ਸੰਜੀਵ ਦਾ ਦੋਸਤ ਸੀ ਤੇ ਪਹਿਲਾਂ ਇਹ ਇਕੱਠੇ ਹੀ ਇੱਕ ਵਿਹੜੇ ਵਿੱਚ ਕਿਰਾਏ ਦੇ ਕਮਰਿਆਂ ਵਿੱਚ ਰਹਿੰਦੇ ਸਨ ਪਰ ਕੁਝ ਸਮਾਂ ਪਹਿਲਾਂ ਸੰਜੀਵ ਕੁਮਾਰ ਨੇ ਗੁਰਮੇਲ ਨਗਰ ਵਿੱਚ ਆਪਣਾ ਘਰ ਲੈ ਲਿਆ ਅਤੇ ਇਹ ਘਰ ਲੈਣ ਵਿੱਚ ਉਪਿੰਦਰ ਵਰਮਾ ਨੇ ਉਸ ਦੀ ਇੱਕ ਲੱਖ ਰੁਪਏ ਦੀ ਮਦਦ ਕੀਤੀ ਸੀ, ਜਿਸ ਕਾਰਨ ਉਪਿੰਦਰ ਦਾ ਆਪਣੇ ਦੋਸਤ ਸੰਜੀਵ ਕੁਮਾਰ ਦੇ ਘਰ ਆਉਣਾ ਜਾਣਾ ਸੀ। ਘਟਨਾ ਵਾਲੇ ਦਿਨ ਦੋਸ਼ੀ ਸੰਜੀਵ ਕੁਮਾਰ ਦੇ ਘਰ ਆਇਆ ਤਾਂ ਉਸ ਵਕਤ ਸੰਜੀਵ ਕੁਮਾਰ ਦੀ ਪਤਨੀ ਪ੍ਰੀਤਮਾ ਅਤੇ ਬੱਚੇ ਮੌਜੂਦ ਸਨ। ਕੁਝ ਸਮੇਂ ਬਾਅਦ ਸੰਜੀਵ ਕੁਮਾਰ ਫੈਕਟਰੀ ਦੇ ਕੰਮ ਲਈ ਉਥੋਂ ਚਲਾ ਗਿਆ ਅਤੇ ਉਪਿੰਦਰ ਵਰਮਾ ਉਥੇ ਹੀ ਰਿਹਾ। ਇਸ ਦੌਰਾਨ ਉਪਿੰਦਰ ਵਰਮਾ ਨੇ ਪ੍ਰੀਤਮਾ ਤੋਂ ਆਪਣੇ ਦਿੱਤੇ ਹੋਏ ਪੈਸਿਆਂ ਦੀ ਮੰਗ ਕੀਤੀ। ਉਪਿੰਦਰ ਨੇ ਔਰਤ ਨੂੰ ਕਿਹਾ ਕਿ ਜੇ ਉਹ ਉਸ ਨਾਲ ਸਰੀਰਿਕ ਸਬੰਧ ਬਣਾਏ ਤਾਂ ਉਹ ਆਪਣੇ ਦਿੱਤੇ ਪੈਸਿਆਂ 'ਚੋਂ ਕੁਝ ਪੈਸੇ ਘੱਟ ਲੈ ਲਵੇਗਾ। ਇਸ ਦੇ ਬਾਅਦ ਦੋਸ਼ੀ ਉਸ ਨਾਲ ਬਲਾਤਕਾਰ ਦੀ ਕੋਸ਼ਿਸ਼ ਕੀਤੀ, ਪਰ ਪ੍ਰੀਤਮਾ ਨੇ ਰੌਲਾ ਪਾ ਦਿੱਤਾ, ਜਿਸ 'ਤੇ ਉਪਿੰਦਰ ਵਰਮਾ ਨੇ ਪ੍ਰੀਤਮਾ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ ਅਤੇ ਫਿਰ ਉਸ ਦੇ ਗਲੇ ਵਿੱਚ ਚੁੰਨੀ ਪਾ ਦਿੱਤੀ ਤਾਂ ਜੋ ਇਸ ਨੂੰ ਖੁਦਕੁਸ਼ੀ ਦੱਸਿਆ ਜਾ ਸਕੇ। ਪ੍ਰੀਤਮਾ ਨੂੰ ਲੈ ਕੇ ਉਪਿੰਦਰ ਵਰਮਾ ਸਿਵਲ ਹਸਪਤਾਲ ਚਲਾ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਅਤੇ ਪ੍ਰੀਤਮਾ ਦੀ ਲਾਸ਼ ਛੱਡ ਕੇ ਉਹ ਫਰਾਰ ਹੋ ਗਿਆ। ਸੂਚਨਾ ਮਿਲਣ 'ਤੇ ਮ੍ਰਿਤਕਾ ਦਾ ਪਤੀ ਸੰਜੀਵ ਕੁਮਾਰ ਮੌਕੇ 'ਤੇ ਪਹੁੰਚਿਆ। ਪੋਸਟਮਾਰਟਮ ਰਿਪੋਰਟ ਵਿੱਚ ਕਤਲ ਦਾ ਖੁਲਾਸਾ ਹੋਣ 'ਤੇ ਪੁਲਸ ਵੱਲੋਂ ਕਾਰਵਾਈ ਕਰਦਿਆਂ ਉਪਿੰਦਰ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਸ ਦੇ ਖਿਲਾਫ ਕਤਲ ਦਾ ਮੁਕੱਦਮਾ ਦਰਜ ਕੀਤਾ ਹੈ।

## ਸੱਤਵੀਂ ਪਾਸ ਨੂੰ ਰੇਲਵੇ ਦਾ ਟਿਕਟ ਕੁਲੈਕਟਰ ਲਵਾਉਣ ਦਾ ਝਾਂਸਾ ਦੇ ਕੇ 2.66 ਲੱਖ ਠੱਗੇ

ਬਠਿੰਡਾ, 13 ਨਵੰਬਰ (ਪੋਸਟ ਬਿਊਰੋ)- ਸਿਰਸਾ ਦੀ ਮੰਡੀ ਕਾਲਿਆਂਵਾਲੀ ਨੇੜਲੇ ਪਿੰਡ ਪਿਪਲੀ ਦੇ ਇੱਕ ਕਿਸਾਨ ਦੇ ਸੱਤਵੀਂ ਪਾਸ ਭਰਾ ਨੂੰ ਰੇਲਵੇ ਵਿੱਚ ਟਿਕਟ ਕੁਲੈਕਟਰ ਲਵਾਉਣ ਦਾ ਝਾਂਸਾ ਦੇ ਕੇ ਤਿੰਨ ਜਣਿਆਂ ਨੇ ਦੋ ਲੱਖ 55 ਹਜ਼ਾਰ ਰੁਪਏ ਠੱਗ ਲਏ ਹਨ। ਇਸ ਮਾਮਲੇ ਦੀ ਜਾਂਚ ਦੇ ਬਾਅਦ ਰਾਮਾਂ ਪੁਲਸ ਨੇ ਪਤੀ-ਪਤਨੀ ਸਮੇਤ ਤਿੰਨ ਜਣਿਆਂ 'ਤੇ ਕੇਸ ਦਰਜ ਕੀਤਾ ਹੈ। ਦੋਸ਼ੀਆਂ ਦੀ ਪਛਾਣ ਬਲਵਿੰਦਰ ਸਿੰਘ, ਉਸ ਦੀ ਪਤਨੀ ਤੇ ਲੱਖਾ ਸਿੰਘ ਪਿੰਡ ਪਿਪਲੀ ਦੇ ਤੌਰ 'ਤੇ ਹੋਈ ਹੈ ਅਤੇ ਇਸ ਬਾਰੇ ਅਗਲੀ ਪੜਤਾਲ ਕੀਤੀ ਜਾ ਰਹੀ ਹੈ।





ਪਤਾ ਲੱਗਾ ਹੈ ਕਿ ਦੋਸ਼ੀ ਬਲਵਿੰਦਰ ਸਿੰਘ ਨੇ ਝਾਂਸਾ ਦਿੱਤਾ ਸੀ ਕਿ ਉਸ ਦਾ ਸਾਲਾ ਰੇਲ ਮੰਤਰੀ ਦਾ ਰੀਡਰ ਲੱਗਾ ਹੈ ਅਤੇ ਉਸ ਨੇ ਸੈਂਕੜੇ ਲੋਕਾਂ ਨੂੰ ਰੇਲਵੇ ਵਿੱਚ ਨੌਕਰੀ ਦਿਵਾਈ ਹੈ। ਰਾਮਾਂ ਪੁਲਸ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਛਾਪੇ ਮਾਰਦੀ ਪਈ ਹੈ। ਐੱਸ ਐੱਸ ਪੀ ਨੂੰ ਦਿੱਤੀ ਸ਼ਿਕਾਇਤ ਵਿੱਚ ਬੂਟਾ ਸਿੰਘ ਵਾਸੀ ਸਿਰਸਾ ਨੇ ਦੱਸਿਆ ਕਿ ਉਸ ਦਾ ਬੇਟਾ ਸੱਤਵੀਂ ਤੱਕ ਪੜ੍ਹਿਆ ਹੋਣ ਦੇ ਕਾਰਨ ਬੇਰੋਜ਼ਗਾਰ ਹੈ। ਜੂਨ 2019 ਨੂੰ ਪਿੰਡ ਦੇ ਲੱਖਾ ਸਿੰਘ ਨੇ ਦੱਸਿਆ ਕਿ ਬਠਿੰਡਾ ਦੇ ਰਾਮਾਂ ਮੰਡੀ ਦੇ ਬਲਵਿੰਦਰ ਸਿੰਘ ਨੇ ਰੇਲਵੇ ਵਿੱਚ ਕਈ ਲੋਕਾਂ ਨੂੰ ਨੌਕਰੀ ਦਿਵਾਈ ਹੈ। ਬੂਟਾ ਸਿੰਘ ਨੇ ਦੱਸਿਆ ਕਿ ਇੱਕ ਲੱਖ ਰੁਪਏ ਬਲਵਿੰਦਰ ਸਿੰਘ ਨੂੰ ਦੇ ਦਿੱਤੇ ਤੇ 30 ਹਜ਼ਾਰ ਅਤੇ ਸੱਤਰ ਹਜ਼ਾਰ ਰੁਪਏ ਹੋਰ ਲੈ ਗਿਆ। ਪੀੜਤ ਨੇ ਦੱਸਿਆ ਕਿ ਬਲਵਿੰਦਰ ਸਿੰਘ ਪਿਰ ਫੋਨ ਚੁੱਕਣਾ ਬੰਦ ਕਰ ਦਿੱਤਾ। ਬਾਅਦ ਵਿੱਚ ਬਲਵਿੰਦਰ ਸਿੰਘ ਦਾ ਫੋਨ ਆਇਆ ਕਿ ਉਸ ਨੇ ਉਨ੍ਹਾਂ ਦੇ ਨਾਲ ਠੱਗੀ ਮਾਰਨੀ ਸੀ, ਮਾਰ ਲਈ, ਜੋ ਕਰਨਾ ਹੈ ਕਰ ਲਓ।

## ਕਰਤਾਰਪੁਰ ਲਾਂਘੇ ਬਾਰੇ ਜਾਣਕਾਰੀ ਦੀ ਕਮੀ ਯਾਤਰਾ ਦਾ ਅੜਿੱਕਾ ਬਣੀ

ਅੰਮ੍ਰਿਤਸਰ, 13 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿਚਲੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ, ਕਰਤਾਰਪੁਰ ਦੇ ਦਰਸ਼ਨਾਂ ਲਈ ਭਾਰਤ-ਪਾਕਿ ਸਰਹੱਦ ਉੱਤੇ ਖੋਲ੍ਹੇ ਗਏ ਲਾਂਘੇ ਦੀ ਜਾਣਕਾਰੀ ਦੀ ਕਮੀ ਕਾਰਨ ਸ਼ਰਧਾਲੂ ਇਸ ਦਾ ਲਾਹਾ ਨਹੀਂ ਲੈ ਰਹੇ। ਇਸੇ ਕਾਰਨ 9 ਨਵੰਬਰ ਨੂੰ ਭਾਰਤ ਵੱਲੋਂ ਭੇਜੇ ਗਏ ਪਹਿਲੇ ਜਥੇ ਵਿੱਚ 552 ਯਾਤਰੂ, ਦੂਜੇ ਦਿਨ 229 ਅਤੇ ਤੀਜੇ ਦਿਨ ਸਿਰਫ 130 ਸ਼ਰਧਾਲੂ ਹੀ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਨੂੰ ਗਏ ਹਨ। ਇਸ ਲਾਂਘੇ ਤੋਂ ਪਾਕਿਸਤਾਨ ਜਾਣ ਵਾਲੇ ਯਾਤਰੂਆਂ ਦੀ ਕਮੀ ਦੇ ਪਿੱਛੇ ਮੁੱਖ ਕਾਰਨ ਯਾਤਰੂਆਂ 'ਚ ਜਾਣਕਾਰੀ ਦੀ ਕਮੀ ਤੇ ਰਾਜ ਸਰਕਾਰਾਂ ਦੇ ਵਿਭਾਗਾਂ ਵੱਲੋਂ ਇਸ ਦਾ ਪ੍ਰਚਾਰ ਨਾ ਕੀਤਾ ਜਾਣਾ ਦੱਸਿਆ ਜਾ ਰਿਹਾ ਹੈ। ਪਤਾ ਲੱਗਾ ਹੈ ਕਿ ਜਾਣਕਾਰੀ ਦੀ ਕਮੀ ਦੇ ਕਾਰਨ ਬਹੁਤੇ ਲੋਕ ਬਿਨ੍ਹਾਂ ਰਜਿਸਟਰੇਸ਼ਨ ਕਰਵਾਏ ਹੀ ਆਪਣੇ ਹੱਥਾਂ ਵਿੱਚ ਪਛਾਣ ਕਾਰਡ ਲੈ ਕੇ ਡੇਰਾ ਬਾਬਾ ਨਾਨਕ ਇਸ ਆਸ ਨਾਲ ਪਹੁੰਚ ਰਹੇ ਹਨ ਕਿ ਪਾਸਪੋਰਟ ਦੀ ਸ਼ਰਤ ਖਤਮ ਕੀਤੇ ਜਾਣ ਪਿੱਛੋਂ ਉਹ ਸਿਰਫ ਉਕਤ ਦਸਤਾਵੇਜ਼ਾਂ ਦੇ ਨਾਲ ਹੀ ਯਾਤਰਾ 'ਤੇ ਜਾ ਸਕਦੇ ਹਨ। ਪਾਕਿਸਤਾਨ ਵੱਲੋਂ ਦੋਸ਼ ਲਾਇਆ ਜਾ ਰਿਹਾ ਹੈ ਕਿ ਭਾਰਤ ਦੀਆਂ ਸਰਕਾਰੀ ਏਜੰਸੀਆਂ ਨੇ ਯਾਤਰੂਆਂ ਦੀ ਆਨਲਾਈਨ ਬੁਕਿੰਗ ਕਰਨ ਦੇ ਲਈ ਜੋ ਪ੍ਰਕਾਸ਼ ਪੁਰਬ 550 ਨਾਂਅ ਦੀ ਵੈੱਬਸਾਈਟ ਬਣਾਈ ਹੈ, ਉਸ 'ਤੇ 23 ਨਵੰਬਰ ਤੱਕ ਯਾਤਰੂਆਂ ਦੀ ਪੂਰੀ ਬੁਕਿੰਗ ਹੋ ਚੁੱਕੀ ਦੱਸੀ ਜਾ ਰਹੀ ਹੈ, ਜਦ ਕਿ ਯਾਤਰੂਆਂ ਦੇ ਐਨੀ ਘੱਟ ਗਿਣਤੀ 'ਚ ਪਾਕਿਸਤਾਨ ਆਉਣ ਬਾਰੇ ਕੋਈ ਤਸੱਲੀ ਬਖਸ਼ ਜਵਾਬ ਨਹੀਂ ਦਿੱਤਾ ਜਾ ਰਿਹਾ। ਸਿੱਖ ਚਿੰਤਕਾਂ ਦਾ ਕਹਿਣਾ ਹੈ ਕਿ ਯਾਤਰਾ ਪ੍ਰਤੀ ਦੁਬਿਧਾਵਾਂ ਨੂੰ ਖਤਮ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਭਾਰਤ ਦੀ ਕੇਂਦਰੀ ਅਤੇ ਰਾਜ ਸਰਕਾਰਾਂ ਨੂੰ ਜ਼ਿਲ੍ਹਾ ਪੱਧਰ 'ਤੇ ਵਿਸ਼ੇਸ਼ ਸਹਾਇਤਾ ਡੈਸਕ ਕਾਇਮ ਕਰਨੇ ਚਾਹੀਦੇ ਹਨ, ਜਿਹੜੇ ਯਾਤਰੂਆਂ ਨੂੰ ਯਾਤਰਾ 'ਤੇ ਜਾਣ ਦੀ ਸਹੀ ਜਾਣਕਾਰੀ ਦੇ ਸਕਣ। ਕਰਤਾਰਪੁਰ ਸਾਹਿਬ ਲਾਂਘੇ ਰਾਹੀਂ ਯਾਤਰਾ ਦੇ 'ਪ੍ਰਕਾਸ਼ ਪੁਰਬ 550' ਸਿਰਲੇਖ ਵਾਲੇ ਦੋ ਸਫਿਆਂ ਵਾਲੇ ਫਾਰਮ ਨੂੰ ਏ ਤੋਂ ਡੀ ਤੱਕ ਚਾਰ ਭਾਗਾਂ 'ਚ ਵੰਡਿਆ ਗਿਆ ਹੈ ਤੇ ਇਸ 'ਤੇ ਪਾਸਪੋਰਟ ਦੀ ਸ਼ਰਤ ਹਾਲੇ ਤੱਕ ਵੀ ਖਤਮ ਨਹੀਂ ਕੀਤੀ ਗਈ।

## ਮੌੜ ਮੰਡੀ ਬੰਬ ਧਮਾਕੇ ਦੀ ਜਾਂਚ ਲਈ ਨਵੀਂ ਐੱਸ ਆਈ ਟੀ ਬਣੀ

ਚੰਡੀਗੜ੍ਹ, 13 ਨਵੰਬਰ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਵੇਲੇ ਮੌੜ ਮੰਡੀ ਵਿੱਚ ਕਾਂਗਰਸ ਉਮੀਦਵਾਰ ਦੇ ਜਲਸੇ ਵਿੱਚ ਹੋਏ ਬੰਬ ਧਮਾਕੇ ਦੀ ਜਾਂਚ ਲਈ ਇੱਕ ਨਵੀਂ ਐਸ ਆਈ ਟੀ ਬਣਾਈ ਗਈ ਹੈ। ਇਸ ਤੋਂ ਪਹਿਲਾਂ ਜਾਂਚ ਕਰ ਰਹੀ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਹਾਈ ਕੋਰਟ ਨੇ ਬੀਤੀ 18 ਅਕਤੂਬਰ ਨੂੰ ਭੰਗ ਕਰ ਦਿੱਤੀ ਸੀ। ਨਵੀਂ ਐੱਸ ਆਈ ਟੀ ਦੀ ਅਗਵਾਈ ਪੰਜਾਬ ਦੇ ਐਡੀਸ਼ਨਲ ਡੀ ਜੀ ਪੀ ਅਮਨ-ਕਾਨੂੰਨ ਬਤੌਰ ਚੇਅਰਮੈਨ ਕਰਨਗੇ। ਆਈ ਪੀ ਐੱਸ ਅਫਸਰ ਅਮਿਤ ਪ੍ਰਸਾਦ, ਆਈ ਜੀ, ਕਾਊਂਟਰ ਇੰਟੈਲੀਜੈਂਸ ਤੇ ਰੋਪੜ ਰੇਂਜ ਦੇ ਨਾਲ ਆਈ ਜੀ ਬਠਿੰਡਾ ਰੇਂਜ ਅਤੇ ਐਸ ਐਸ ਪੀ ਬਠਿੰਡਾ ਇਸ ਦੇ ਮੈਂਬਰ ਵਜੋਂ ਸ਼ਾਮਲ ਕੀਤੇ ਗਏ ਹਨ।

ਇਸ ਸੰਬੰਧ ਵਿੱਚ ਪੰਜਾਬ ਦੇ ਡੀ ਜੀ ਪੀ ਦੇ ਹੁਕਮਾਂ ਨਾਲ ਹੋਏ ਫੈਸਲੇ ਵਿੱਚ ਨਵੀਂ ਐੱਸ ਆਈ ਟੀ ਨੂੰ ਉਚੇਚੇ ਤੌਰ ਉੱਤੇ ਕਿਹਾ ਗਿਆ ਹੈ ਕਿ ਇਸ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਤੈਅ ਕੀਤੀ ਸਮਾਂ ਸੀਮਾ ਦੇ ਅੰਦਰ ਇਸ ਕੇਸ ਦੀ ਜਾਂਚ ਪੂਰੀ ਕਰਨੀ ਅਤਿ ਜ਼ਰੂਰੀ ਹੈ। ਵਰਨਣ ਯੋਗ ਹੈ ਕਿ ਇਸ ਐੱਸ ਆਈ ਟੀ ਦੀ ਅਗਵਾਈ ਰਣਬੀਰ ਸਿੰਘ ਖਟੜਾ ਕਰ ਰਹੇ ਸਨ। ਹਾਈ ਕੋਰਟ ਨੇ ਅਕਤੂਬਰ ਵਿੱਚ ਇਸ ਕੇਸ ਦੀ ਜਾਂਚ ਲਈ ਨਵੀਂ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਬਣਾਉਣ ਦੇ ਹੁਕਮ ਦਿੱਤੇ ਸਨ, ਜਿਸ ਬਾਰੇ ਪੰਜਾਬ ਦੇ ਡੀ ਜੀ ਪੀ ਲਾਅ ਐਂਡ ਆਰਡਰ ਨੂੰ ਦੋ ਹਫਤਿਆਂ ਦੇ ਅੰਦਰ ਨਵੀਂ ਟੀਮ ਬਣਾ ਕੇ ਤਿੰਨ ਮਹੀਨਿਆਂ ਦੇ ਅੰਦਰ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਸਨ ਤੇ ਇਹ ਉਚੇਚੀ ਤਾਕੀਦ ਕੀਤੀ ਗਈ ਸੀ ਕਿ ਨਵੀਂ ਬਣਾਈ ਗਈ ਇਸ ਟੀਮ ਅਗਵਾਈ ਇੰਸਪੈਕਟਰ ਜਨਰਲ (ਆਈ ਜੀ) ਜਾਂ ਡਿਪਟੀ ਇੰਸਪੈਕਟਰ ਜਨਰਲ (ਡੀ ਆਈ ਜੀ) ਰੈਂਕ ਦੇ ਅਧਿਕਾਰੀ ਦੇ ਹੱਥ ਹੋਵੇ। ਇਹ ਵੀ ਕਿਹਾ ਗਿਆ ਸੀ ਕਿ ਇਸ ਐਸ ਆਈ ਟੀ ਵਿੱਚ ਬਾਕੀ ਦੇ ਪ੍ਰਮੁੱਖ ਅਫਸਰਾਂ ਵਿੱਚ ਐਸ ਪੀ ਅਤੇ ਡੀ ਐਸ ਪੀ ਰੈਂਕ ਦੇ ਅਧਿਕਾਰੀ ਹੋਣ। ਇਹ ਨਿਰਦੇਸ਼ ਹਾਈ ਕੋਰਟ ਦੇ ਦੂਸਰੇ ਸਭ ਤੋਂ ਸੀਨੀਅਰ ਜੱਜ ਜਸਟਿਸ ਰਾਜੀਵ ਸ਼ਰਮਾ ਅਤੇ ਜਸਟਿਸ ਅਰੁਣ ਪੱਲੀ ਦੇ ਬੈਂਚ ਨੇ ਜਾਰੀ ਕੀਤੇ ਸਨ ਅਤੇ ਇਹ ਸਪੱਸ਼ਟ ਕੀਤਾ ਸੀ ਕਿ ਇਸ ਕੇਸ ਦੀ ਜਾਂਚ ਕਰਦੇ ਅਫਸਰ ਸਹੀ ਜਾਂਚ ਯਕੀਨੀ ਬਣਾਉਣ ਲਈ ਨਿੱਜੀ ਤੌਰ 'ਤੇ ਜ਼ਿੰਮੇਵਾਰ ਹੋਣਗੇ। ਬੈਂਚ ਨੇ ਇਹ ਗੱਲ ਪਿਛਲੀ ਸੁਣਵਾਈ 'ਚ ਸਪੱਸ਼ਟ ਕਰ ਦਿੱਤੀ ਸੀ ਕਿ ਖਟੜਾ ਦੀ ਅਗਵਾਈ ਵਾਲੀ ਐੱਸ ਆਈ ਟੀ ਦੀ ਸਟੇਟਸ ਰਿਪੋਰਟ ਤੋਂ ਅਦਾਲਤ ਸੰਤੁਸ਼ਟ ਨਹੀਂ।

## ਕਰਤਾਰਪੁਰ ਲਈ 18 ਸਾਲ ਅਰਦਾਸਾਂ ਕਰਨ ਵਾਲੀ ਸੰਸਥਾ ਵੀ ਦਰਸ਼ਨ ਕਰਨ ਤੋਂ ਵਾਂਝੀ

ਕਲਾਨੌਰ, 13 ਨਵੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਕਿਸਤਾਨ ਵਿਚਲੇ ਗੁਰਦੁਆਰਾ ਕਰਤਾਰਪੁਰ ਦੇ ਬਿਨਾਂ ਵੀਜ਼ਾ ਬਿਨ੍ਹਾਂ ਪਾਸਪੋਰਟ ਆਮ ਸੰਗਤਾਂ ਨੂੰ ਦਰਸ਼ਨ ਕਰਵਾਉਣ ਲਈ ਸਾਢੇ 18 ਸਾਲ ਅਰਦਾਸਾਂ ਕਰਨ ਤੇ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨਾਲ ਲਾਂਘਾ ਖੁਲ੍ਹਵਾਉਣ ਲਈ ਲਗਾਤਾਰ ਗੱਲਬਾਤ ਕਰਦੀ ਰਹੀ ਸ੍ਰੀ ਕਰਤਾਰਪੁਰ ਰਾਵੀ ਦਰਸ਼ਨ ਅਭਿਲਾਖੀ ਸੰਸਥਾ ਨੂੰ ਇਹ ਅਰਦਾਸ ਪੂਰੀ ਹੋਣ ਪਿੱਛੋਂ ਹਾਲੇ ਤੱਕ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ, ਕਿਸੇ ਨੇ ਪੁੱਛਿਆ ਤੱਕ ਨਹੀਂ।



ਕਰਤਾਰਪੁਰ ਸਾਹਿਬ ਦੇ ਖੁੱਲ੍ਹੇ ਦਰਸ਼ਨਾਂ ਲਈ ਲਾਂਘਾ ਖੁਲ੍ਹਵਾਉਣ ਦੇ ਲਈ 14 ਅਪ੍ਰੈਲ 2001 ਨੂੰ ਮਰਹੂਮ ਅਕਾਲੀ ਆਗੂ ਕੁਲਦੀਪ ਸਿੰਘ ਵਡਾਲਾ ਅਤੇ ਪੰਥਕ ਆਗੂ ਗੁਰਿੰਦਰ ਸਿੰਘ ਬਾਜਵਾ ਜਨਰਲ ਸਕੱਤਰ ਨੇ ਸ੍ਰੀ ਕਰਤਾਰਪੁਰ ਸਾਹਿਬ ਰਾਵੀ ਦਰਸ਼ਨ ਅਭਿਲਾਖੀ ਸੰਸਥਾ ਦਾ ਗਠਨ ਕੀਤਾ ਸੀ। ਉਸ ਮਗਰੋਂ ਲਾਂਘਾ ਖੁੱਲ੍ਹਵਾਉਣ ਲਈ ਹਰ ਮੱਸਿਆ ਵਾਲੇ ਦਿਨ ਸੰਗਤਾਂ ਨਾਲ ਉਨ੍ਹਾਂ ਨੇ ਕੌਮਾਂਤਰੀ ਸਰਹੱਦ ਉੱਤੇ ਅਰਦਾਸਾਂ ਕੀਤੀਆਂ ਅਤੇ ਇਸ ਦੇ ਬਾਅਦ ਨਵੰਬਰ 2002 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਓਦੋਂ ਦੀ ਪਾਕਿਸਤਾਨ ਸਰਕਾਰ ਨੇ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਦੇਣ ਦੀ ਗੱਲ ਭਾਰਤ ਸਰਕਾਰ ਨੂੰ ਕਹੀ ਸੀ। ਸੁਰੱਖਿਆ ਦੇ ਮੱਦੇਨਜ਼ਰ ਓਦੋਂ ਦੀ ਭਾਰਤ ਸਰਕਾਰ ਨੇ ਇਸ ਨੂੰ ਗੰਭੀਰਤਾ ਨਾਲ ਨਹੀਂ ਸੀ ਵਿਚਾਰਿਆ। ਇਸ ਤੋਂ ਬਾਅਦ ਪਾਕਿਸਤਾਨ ਸਰਕਾਰ ਨੇ 22 ਸਤੰਬਰ 2004 'ਚ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਜੋਤੀ-ਜੋਤ ਦਿਵਸ ਮਨਾਉਣ ਦੇ ਵਕਤ ਕਰਤਾਰਪੁਰ ਦਰਸ਼ਨ ਰਾਵੀ ਸੰਸਥਾ ਦੇ 150 ਸ਼ਰਧਾਲੂਆਂ ਦੇ ਜਥੇ ਨੂੰ ਪਾਕਿਸਤਾਨ ਦੇ ਵੀਜ਼ੇ ਵੀ ਦੇ ਦਿੱਤੇ ਸਨ। ਫਿਰ ਇਸ ਸੰਸਥਾ ਦੇ ਪ੍ਰਧਾਨ ਕੁਲਦੀਪ ਸਿੰਘ ਵਡਾਲਾ ਸਾਲ 2006 ਵਿੱਚ ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ੌਕਤ ਅਜੀਜ਼ ਦੇ ਦਫਤਰ ਵਿੱਚ ਲਾਂਘਾ ਖੁਲ੍ਹਵਾਉਣ ਲਈ ਮਿਲੇ ਅਤੇ ਉਨ੍ਹਾਂ ਨੂੰ ਮੰਗ ਪੱਤਰ ਦੇਣ ਪਿੱਛੋਂ ਭਾਰਤ ਦੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਵੀ ਮਿਲੇ ਤੇ ਲਾਂਘਾ ਖੋਲ੍ਹਣ ਦੀ ਮੰਗ ਕੀਤੀ ਸੀ। ਇਸ ਲਾਂਘੇ ਨੂੰ ਖੁਲ੍ਹਵਾਉਣ ਲਈ ਅਮਰੀਕੀ ਰਾਜਦੂਤ ਜੌਹਨ ਮੈਕਡੋਨਲਡ, ਜਿਸ ਨੇ ਬਰਲਿਨ ਦੀ ਕੰਧ ਢਾਹੁਣ ਵਿੱਚ ਅਹਿਮ ਯੋਗਦਾਨ ਪਾਇਆ ਸੀ, ਨੇ ਵੀ ਸ੍ਰੀ ਕਰਤਾਰਪੁਰ ਅਤੇ ਡੇਰਾ ਬਾਬਾ ਨਾਨਕ ਵਿੱਚ ਮੌਕਾ ਵੇਖਣ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਲਾਂਘਾ ਖੋਲ੍ਹਣ ਲਈ ਕਿਹਾ ਸੀ। ਬਾਜਵਾ ਨੇ ਕਿਹਾ ਕਿ ਪਿਛਲੇ ਸ਼ਨੀਵਾਰ ਨੂੰ ਪਹਿਲੇ ਜਥੇ ਵਿੱਚ ਕੇਂਦਰ ਤੇ ਪੰਜਾਬ ਸਰਕਾਰ ਦੇ ਮੰਤਰੀਆਂ, ਕਾਰੋਬਾਰੀਆਂ ਤੇ ਧਨਾਢ ਲੋਕਾਂ ਨੂੰ ਪਾਕਿਸਤਾਨ ਵਿਚਲੇ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਭੇਜਿਆ ਗਿਆ, ਜਦ ਕਿ ਬਾਬੇ ਨਾਨਕ ਨੇ ਮਲਿਕ ਭਾਗੋ ਨਹੀਂ, ਸਗੋਂ ਭਾਈ ਲਾਲੋ ਦੇ ਘਰ ਦੇ ਪ੍ਰਸ਼ਾਦੇ ਛਕੇ ਸਨ। ਉਨ੍ਹਾਂ ਕਿਹਾ ਕਿ ਬਿਨ੍ਹਾਂ ਵੀਜ਼ਾ ਬਿਨ੍ਹਾਂ ਪਾਸਪੋਰਟ ਦਰਸ਼ਨ ਕਰਨ ਦੀ ਤਾਂਘ 'ਚ ਅਰਦਾਸਾਂ ਕਰਨ ਵਾਲੀਆਂ ਸੰਗਤਾਂ ਅਜੇ ਵੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਨੂੰ ਤਰਸ ਰਹੀਆਂ ਹਨ।

## ਐਲ ਈ ਡੀ ਲਿਆਂਦੀ ਦੱਸਣ ਤੋਂ 7340 ਰੁਪਏ ਵਸੂਲੇ, ਪਰ ਤਿੰਨ ਯਾਤਰੀ ਰਿਸ਼ਵਤ ਲੈ ਕੇ ਛੱਡੇ

ਅੰਮ੍ਰਿਤਸਰ, 13 ਨਵੰਬਰ (ਪੋਸਟ ਬਿਊਰੋ)- ਪਿਛਲੇ ਸਮੇਂ ਤੋਂ ਸੋਨੇ ਦੀ ਤਸਕਰੀ ਰੋਕਣ ਦੇ ਕੰਮ ਵਾਸਤੇ ਖਬਰਾਂ ਵਿੱਚ ਛਾਏ ਹੋਏ ਸ੍ਰੀ ਗੁਰੂ ਰਾਮਦਾਸ ਜੀ ਇੰਟਰਨੈਸ਼ਨਲ (ਐਸ ਜੀ ਆਰ ਡੀ) ਏਅਰਪੋਰਟ ਦੇ ਇਮਾਨਦਾਰ ਕਸਟਮ ਅਫਸਰਾਂ ਦੀ ਕਮੀ ਨਹੀਂ, ਪਰ ਕੁਝ ਭ੍ਰਿਸ਼ਟ ਅਧਿਕਾਰੀ ਵੀ ਆਪਣਾ ਕੰਮ ਕਰੀ ਜਾ ਰਹੇ ਹਨ।



ਕੱਲ੍ਹ ਏਥੇ ਫਿਰ ਇਹੋ ਕੁਝ ਹੋ ਗਿਆ ਹੈ। ਦੁਬਈ ਤੋਂ ਅੰਮ੍ਰਿਤਸਰ ਆਈ ਫਲਾਈਟ ਦੇ ਇੱਕ ਯਾਤਰੀ ਨੇ ਜਦੋਂ ਸੱਚ ਦੱਸਿਆ ਕਿ ਉਸ ਕੋਲ 43 ਇੰਚ ਦੀ ਐਲ ਈ ਡੀ ਮੌਜੂਦ ਹੈ ਅਤੇ ਕਸਟਮ ਦੇ ਉਚ-ਅਧਿਕਾਰੀ ਨੂੰ ਇਸ ਦੀ ਜਾਣਕਾਰੀ ਖੁਦ ਦੇ ਦਿੱਤੀ ਤਾਂ ਉਸ ਤੋਂ ਚੈਕਿੰਗ ਕਰਦੇ ਇੱਕ ਸੁਪਰਡੈਂਟ ਨੇ 7340 ਰੁਪਏ ਦੀ ਕਸਟਮ ਡਿਊਟੀ ਵਸੂਲ ਕੀਤੀ ਅਤੇ ਬਿਨ੍ਹਾਂ ਕਾਰਨ ਪਰੇਸ਼ਾਨ ਵੀ ਕੀਤਾ। ਉਸੇ ਫਲਾਈਟ ਵਿੱਚੋਂ ਆਏ ਤਿੰਨ ਹੋਰ ਯਾਤਰੀਆਂ ਦੇ ਕੋਲ ਵੀ ਉਸੇ ਸਾਇਜ਼ ਦੀ ਐਲ ਈ ਡੀ ਮੌਜੂਦ ਸੀ, ਪਰ ਉਸ ਅਧਿਕਾਰੀ ਨੇ ਤਿੰਨ-ਤਿੰਨ ਹਜ਼ਾਰ ਰੁਪਏ ਦੀ ਰਿਸ਼ਵਤ ਲੈ ਕੇ ਉਨ੍ਹਾਂ ਨੂੰ ਚਲੇ ਜਾਣ ਦਿੱਤਾ। ਡਿਊਟੀ ਫੀਸ ਭਰਨ ਵਾਲੇ ਯਾਤਰੀ ਨੇ ਜਦੋਂ ਉਸ ਅਧਿਕਾਰੀ ਨੂੰ ਕਿਹਾ ਕਿ ਤੁਸੀ ਬਿਨ੍ਹਾਂ ਡਿਊਟੀ ਦਿੱਤੇ ਉਹ ਤਿੰਨ ਯਾਤਰੀ ਕਿਸ ਤਰ੍ਹਾਂ ਕੱਢ ਦਿੱਤੇ ਤਾਂ ਉਸ ਨੇ ਵਿਅੰਗ ਕਰਦੇ ਕਿਹਾ ਕਿ ਤੁਸੀ ਉਚ ਅਧਿਕਾਰੀ ਨੂੰ ਦੱਸਿਆ ਤਾਂ ਤੁਹਾਡੇ ਤੋਂ ਡਿਊਟੀ ਵਸੂਲੀ ਗਈ ਹੈ, ਜੇ ਨਾ ਦੱਸਦੇ ਤਾਂ ਤੁਹਾਨੂੰ ਵੀ ਹੋਰ ਯਾਤਰੀਆਂ ਵਾਂਗ ਕੱਢ ਦੇਣਾ ਸੀ। ਇਸ ਯਾਤਰੀ ਨੇ ਦੱਸਿਆ ਕਿ ਜੇ ਕਸਟਮ ਵਿਭਾਗ ਸੀ ਸੀ ਟੀ ਵੀ ਕੈਮਰਾਂ ਦੀ ਫੁਟੇਜ਼ ਕੱਢੇ ਤਾਂ ਭੇਦ ਖੁੱਲ੍ਹ ਜਾਵੇਗਾ, ਕਿਉਂਕਿ 43 ਇੰਚ ਦੀ ਐਲ ਈ ਡੀ ਸਾਫ ਨਜ਼ਰ ਆ ਜਾਂਦੀ ਹੈ ਅਤੇ ਸਰਕਾਰੀ ਡਿਊਟੀ ਹੋਰ ਤਿੰਨ ਐਲ ਈ ਡੀ 'ਤੇ ਵਸੂਲ ਕਿਉਂ ਨਹੀਂ ਕੀਤੀ ਗਈ, ਇਸਦਾ ਵੀ ਕਸਟਮ ਦੇ ਉਚ-ਅਧਿਕਾਰੀਆਂ ਨੂੰ ਪਤਾ ਲੱਗ ਜਾਵੇਗਾ।

## ਹਸਪਤਾਲ ਦੇ ਸਕਿਓਰਿਟੀ ਸੁਪਰਵਾਈਜ਼ਰ ਦੀ ਹਾਦਸੇ ਵਿੱਚ ਮੌਤ

ਜਲੰਧਰ, 13 ਨਵੰਬਰ (ਪੋਸਟ ਬਿਊਰੋ)- ਪਿੰਡ ਫੋਲੜੀਵਾਲ ਵਿੱਚ ਤੇਜ਼ ਰਫਤਾਰ ਬਲੈਰੋ ਦੀ ਲਪੇਟ ਵਿੱਚ ਆਉਣ ਕਾਰਨ ਪਟੇਲ ਹਸਪਤਾਲ ਦੇ ਸਕਿਓਰਿਟੀ ਸੁਪਰਵਾਈਜ਼ਰ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਜਲੰਧਰ ਹਾਈਟਸ ਟੂ ਵਾਸੀ ਰਤਨ ਸਿੰਘ (54) ਪੁੱਤਰ ਆਤਮ ਸਿੰਘ ਦੇ ਰੂਪ ਵਿੱਚ ਹੋਈ ਹੈ। ਉਹ ਸਵੇਰੇ ਐਕਟਿਵਾ 'ਤੇ ਦੁੱਧ ਲੈਣ ਨਿਕਲੇ ਸਨ ਕਿ ਫੋਲੜੀਵਾਲ ਰੋਡ ਉੱਤੇ ਸਾਹਮਣੇ ਤੋਂ ਆਈ ਤੇਜ਼ ਰਫਤਾਰ ਬਲੈਰੋ ਗੱਡੀ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ। ਰਾਹਗੀਰ ਉਨ੍ਹਾਂ ਨੂੰ ਸੇਕ੍ਰੇਡ ਹਸਪਤਾਲ ਲਿਆਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਥਾਣਾ ਸਦਰ ਦੇ ਐੱਸ ਐੱਚ ਓ ਰੇਸ਼ਮ ਸਿੰਘ ਨੇ ਦੱਸਿਆ ਕਿ ਰਤਨ ਸਿੰਘ ਬੀ ਐਸ ਐਫ ਤੋਂ ਰਿਟਾਇਰਡ ਸਨ। ਉਹ ਪਿਛਲੇ ਕਈ ਸਾਲ ਤੋਂ ਪਟੇਲ ਹਸਪਤਾਲ ਵਿੱਚ ਸਕਿਓਰਿਟੀ ਸੁਪਰਵਾਈਜ਼ਰ ਲੱਗੇ ਹੋਏ ਸਨ। ਉਨ੍ਹਾਂ ਦੱਸਿਆ ਕਿ ਸ਼ੁਰੂ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮਹਿੰਦਰਾ ਬਲੈਰੋ ਨੇ ਉਨ੍ਹਾਂ ਨੂੰ ਟੱਕਰ ਮਾਰੀ ਸੀ। ਪੁਲਸ ਨੇ ਘਟਨਾ ਵਾਲੀ ਥਾਂ ਦੇ ਆਸਪਾਸ ਲੱਗੇ ਸੀ ਸੀ ਟੀ ਨੀ ਕੈਮਰਿਆਂ ਦੀ ਫੁਟੇਜ ਕਢਵਾ ਕੇ ਬਲੈਰੋ ਗੱਡੀ ਦਾ ਨੰਬਰ ਲੱਭ ਲਿਆ ਹੈ। ਦੋਸ਼ੀ ਗੱਡੀ ਚਾਲਕ ਬਾਰੇ ਪਤਾ ਕੀਤਾ ਜਾ ਰਿਹਾ ਹੈ।



## ਕਾਰਖਾਨਿਆਂ ਵਿੱਚ ਉਤਪਾਦਨ ਦੀ ਗਿਰਾਵਟ ਦਾ ਸਿਲਸਿਲਾ ਜਾਰੀ

ਨਵੀਂ ਦਿੱਲੀ, 13 ਨਵੰਬਰ (ਪੋਸਟ ਬਿਊਰੋ)- ਭਾਰਤ ਦੇ ਉਦਯੋਗਿਕ ਉਤਪਾਦਨ ਵਿੱਚ ਕਮੀ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਸਰਕਾਰ ਵੱਲੋਂ ਕੱਲ੍ਹ ਜਾਰੀ ਕੀਤੇ ਇੰਡੈਕਸ ਆਫ ਇੰਡਸਟ੍ਰੀਅਲ ਪ੍ਰੋਡਕਸ਼ਨ (ਆਈ ਆਈ ਪੀ) ਦੇ ਅੰਕੜਿਆਂ ਮੁਤਾਬਕ ਸਤੰਬਰ ਵਿੱਚ ਉਦਯੋਗਿਕ ਉਤਪਾਦਨ ਵਿੱਚ ਮਹੀਨਾਵਾਰ ਆਧਾਰ ਉੱਤੇ 4.3 ਫੀਸਦੀ ਦੀ ਕਮੀ ਦਰਜ ਕੀਤੀ ਗਈ ਹੈ। ਇਸ ਤੋਂ ਪਹਿਲਾਂ ਅਗਸਤ ਵਿੱਚ ਇੰਡਸਟ੍ਰੀਅਲ ਆਊਟਪੁੱਟ 1.1 ਫੀਸਦੀ ਘਟੀ ਸੀ।

ਸਰਕਾਰੀ ਅੰਕੜਿਆਂ ਮੁਤਾਬਕ ਮੁੱਖ ਤੌਰ ਉੱਤੇ ਮੈਨੂਫੈਕਚਰਿੰਗ ਆਊਟਪੁਟ ਦੇ ਪੱਖ ਤੋਂ ਖਰਾਬ ਪ੍ਰਦਰਸ਼ਨ ਕਾਰਨ ਆਈ ਆਈ ਪੀ ਅੰਕੜਿਆਂ ਵਿੱਚ ਇਹ ਕਮੀ ਦੇਖਣ ਨੂੰ ਮਿਲੀ ਹੈ। ਵਰਨਣ ਯੋਗ ਹੈ ਕਿ ਉਦਯੋਗਿਕ ਉਤਪਾਦਨ ਜਾਂ ਫੈਕਟਰੀ ਆਊਟਪੁੱਟ ਨਾਲ ਦੇਸ਼ ਦੇ ਕਾਰਬੋਰੀ ਜਗਤ ਵਿੱਚ ਹੋਣ ਵਾਲੀਆਂ ਸਰਗਰਮੀਆਂ ਦਾ ਪਤਾ ਚੱਲਦਾ ਹੈ। ਸਰਕਾਰੀ ਅੰਕੜਿਆਂ ਮੁਤਾਬਕ ਸਤੰਬਰ ਵਿੱਚ ਮੈਨੂਫੈਕਚਰਿੰਗ ਆਊਟਪੁੱਟ ਵਿੱਚ 3.9 ਫੀਸਦੀ ਕਮੀ ਦੇਖੀ ਗਈ ਤੇ ਅਗਸਤ ਵਿੱਚ ਇਸ ਸੈਕਟਰ ਵਿੱਚ ਉਤਾਪਦਨ ਵਿੱਚ 1.2 ਫੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਸੀ। ਦੇਸ਼ ਵਿੱਚ ਮਾਈਨਿੰਗ ਖੇਤਰ ਦੀਆਂ ਸਰਗਰਮੀਆਂ ਵਿੱਚ ਭਾਰੀ 8.5 ਫੀਸਦੀ ਦੀ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ, ਜਦਕਿ ਉਸ ਬਾਰੇ ਪਿਛਲੇ ਮੀਹਨੇ ਵਿੱਚ ਇਸ ਖੇਤਰ ਵਿੱਚ ਉਤਪਾਦਨ ਵਿੱਚ 0.1 ਫੀਸਦੀ ਦੀ ਮਾਮੂਲੀ ਗਿਰਾਵਟ ਦਰਜ ਕੀਤੀ ਗਈ ਸੀ। ਮੁੱਢਲੇ ਉਤਪਾਦਾਂ ਵਿੱਚੋਂ ਸਤੰਬਰ ਵਿੱਚ ਇਸ ਵਿੱਚ 5.1 ਫੀਸਦੀ ਦੀ ਗਿਰਾਵਟ ਹੋਈ, ਜਦਕਿ ਅਗਸਤ ਵਿੱਚ ਇਸ ਸੈਕਟਰ ਵਿੱਚ 1.1 ਫੀਸਦੀ ਵਾਧਾ ਦਰਜ ਕੀਤਾ ਗਿਆ ਸੀ। ਕੈਪੀਟਲ ਗੁਡਸ ਦਾ ਆਊਟਪੁੱਟ 20.7 ਫੀਸਦੀ ਘੱਟ ਹੋ ਗਿਆ। ਕੰਜਿਊਮਰ ਨਾਨ-ਡਿਊਰੇਬਲਸ ਸਤੰਬਰ ਵਿੱਚ 9.9 ਫੀਸਦੀ ਡਿੱਗ ਗਿਆ ਹੈ।ਇਸ ਵਿੱਚ ਵੀ ਅਗਸਤ ਮਹੀਨੇ ਵਿੱਚ 4.1 ਫੀਸਦੀ ਦੀ ਗਿਰ-ਾਵਟ ਦਰਜ ਕੀਤੀ ਗਈ ਸੀ।

# ਜੇਲ੍ਹੋਂ ਛੁੱਟਣ ਪਿੱਛੋਂ ਰਾਮ ਰਹੀਮ ਦੇ ਪਰਿਵਾਰ ਨਾਲ ਦਿਖਾਈ ਦਿੱਤੀ ਹਨੀਪ੍ਰੀਤ

* ਆਪਸੀ ਮੱਤਭੇਦਾਂ ਦੀ ਚਰਚਾ ਰੱਦ ਕਰਨ ਦਾ ਯਤਨ

ਸਿਰਸਾ, 13 ਨਵੰਬਰ (ਪੋਸਟ ਬਿਊਰੋ)- ਰੋਹਤਕ ਦੀ ਸੋਨਾਰੀਆ ਜੇਲ੍ਹ ਵਿੱਚ ਸਜ਼ਾ ਭੁਗਤ ਰਹੇ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀ ਮੂੰਹ ਬੋਲੀ ਬੇਟੀ ਹਨੀਪ੍ਰੀਤ ਦੇ ਜ਼ਮਾਨਤ ਉਤੇ ਬਾਹਰ ਆਉਣ ਦੇ ਬਾਅਦ ਕੱਲ੍ਹ ਸਿਰਸਾ ਡੇਰੇ ਦੇ ਮੋਢੀ ਸ਼ਾਹ ਮਸਤਾਨਾ ਦੇ 128ਵੇਂ ਜਨਮ ਦਿਨ ਮੌਕੇ ਸਾਹਮਣੇ ਆਈ।



ਵਰਨਣ ਯੋਗ ਹੈ ਕਿ ਇਸ ਮੌਕੇ ਡੇਰੇ ਵਿੱਚ ਇੱਕ ਵੱਡਾ ਪ੍ਰੋਗਰਾਮ ਹੋਇਆ ਸੀ। ਪ੍ਰਸ਼ਾਸਨ ਤੋਂ ਦੁਪਹਿਰ 12 ਤੋਂ 2 ਵਜੇ ਤੱਕ ਦੀ ਮਨਜ਼ੂਰੀ ਲਈ ਗਈ ਸੀ, ਇਸ ਲਈ ਲੋਕ ਸਵੇਰੇ ਤੋਂ ਹੀ ਪਹੁੰਚਣ ਲੱਗੇ ਸਨ ਤੇ ਬਾਕੀ ਸਾਰੀ ਆਵਾਜਾਈ ਹੋਰ ਪਾਸੇ ਮੋੜਨੀ ਪਈ ਸੀ। ਜੇਲ੍ਹ ਤੋਂ ਜ਼ਮਾਨਤ ਉੱਤੇ ਆਉਣ ਦੇ ਬਾਅਦ ਹਨੀਪ੍ਰੀਤ ਕੌਰ ਪਹਿਲੀ ਵਾਰ ਲੋਕਾਂ ਦੇ ਸਾਹਮਣੇ ਆਈ ਅਤੇ ਉਸ ਦੇ ਨਾਲ ਡੇਰਾ ਮੁਖੀ ਰਾਮ ਰਹੀਮ ਦਾ ਪੂਰਾ ਪਰਵਾਰ ਵੀ ਸੀ। ਉਨ੍ਹਾਂ ਸਾਰਿਆਂ ਨੇ ਇਕੱਠੇ ਬੈਠ ਕੇ ਏਦਾਂ ਦਾ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਕਿ ਰਾਮ ਰਹੀਮ ਦੇ ਪਰਵਾਰ ਅਤੇ ਹਨੀਪ੍ਰੀਤ ਵਿੱਚ ਕੋਈ ਦੂਰੀ ਨਹੀਂ, ਕਿਉਂਕਿ ਜਦੋਂ ਤੋਂ ਹਨੀਪ੍ਰੀਤ ਬਾਹਰ ਆਈ ਹੈ, ਓਦੋਂ ਤੋਂ ਰਾਮ ਰਹੀਮ ਦੇ ਪਰਵਾਰ ਦੇ ਨਾਲ ਉਸ ਦੀ ਸੁਰ ਨਾ ਮਿਲਣ ਦੀਆਂ ਖਬਰਾਂ ਆ ਰਹੀਆਂ ਸਨ। ਕੱਲ੍ਹ ਦੇ ਇਸ ਪ੍ਰੋਗਰਾਮ ਵਿੱਚ ਰਾਮ ਰਹੀਮ ਸਿੰਘ ਦੀ ਪਤਨੀ, ਬੇਟੇ, ਬੇਟਿਆਂ ਦੀਆਂ ਪਤਨੀਆਂ,ਬੇਟੀਆਂ ਅਤੇ ਜਵਾਈ ਆਦਿ ਸਾਰੇ ਜੀਅ ਮੰਚ ਉੱਤੇ ਮੌਜੂਦ ਸਨ।ਪ੍ਰੋਗਰਾਮ ਵਿੱਚ ਰਾਮ ਰਹੀਮ ਦਾ ਇੱਕ ਪੁਰਾਣਾ ਵੀਡੀਓ ਚਲਾ ਕੇ ਲੋਕਾਂ ਨੂੰ ਪ੍ਰਵਚਨ ਸੁਣਾਏ ਗਏ। ਖਾਸ ਗੱਲ ਇਹ ਸੀ ਕਿ ਇਸ ਡੇਰੇ ਦੇ ਮੋਢੀ ਸ਼ਾਹ ਮਸਤਾਨਾ ਦੇ ਜਨਮ ਦਿਨ ਪ੍ਰੋਗਰਾਮ ਦਾ ਵੀ ਪੁਰਾਣਾ ਵੀਡੀਓ ਚਲਾਇਆ ਗਿਆ। ਉਂਜ ਇਸ ਵਾਰ ਭੀੜ ਘੱਟ ਦਿਸੀ ਅਤੇ ਕਈ ਪੰਡਾਲ ਖਾਲੀ ਸਨ। ਪਹਿਲਾਂ ਵੱਡੇ ਵੱਡੇ ਗੇਟ ਬਣਾਏ ਜਾਂਦੇ ਸਨ, ਪਰ ਇਸ ਵਾਰ ਕੋਈ ਗੇਟ ਨਹੀਂ ਸਜਾਇਆ ਗਿਆ। ਡੇਰਾ ਪਹਿਲਾਂ ਦੀ ਤਰ੍ਹਾਂ ਸਜਾਇਆ ਵੀ ਨਹੀਂ ਗਿਆ। ਡੇਰਾ ਮੁਖੀ ਰਾਮ ਰਹੀਮ ਦੀ ਸਟੇਜ ਖਾਲੀ ਰੱਖੀ ਗਈ ਸੀ, ਪਰ ਡੇਰੇ ਦੇ ਅੰਦਰ ਅਤੇ ਬਾਹਰ ਵੱਡੀ ਗਿਣਤੀ ਵਿੱਚ ਸਟਾਲ ਲੱਗੇ ਹੋਏ ਸਨ ਅਤੇ ਪਹਿਲਾਂ ਦੀ ਤਰ੍ਹਾਂ ਡੇਰੇ ਅੰਦਰ ਐਮ ਐਸ ਜੀ ਦੇ ਪ੍ਰੋਡਕਟ ਵਿਕ ਰਹੇ ਸਨ। ਅਸਲ ਵਿੱਚ ਜਦੋਂ ਬਾਬਾ ਰਾਮ ਰਹੀਮ ਨੇ 'ਮੈਸੈਂਜਰ ਆਫ ਗਾਡ' ਫਿਲਮ ਬਣਾਈ ਸੀ ਅਤੇ ਉਸ ਦਾ ਨਿਕ-ਨੇਮ 'ਐੱਮ ਐੱਸ ਜੀ' ਉਸ ਵਕਤ ਲੋਕਾਂ ਸਾਹ-ਮਣੇ ਆਇਆ ਸੀ, ਓਦੋਂ ਤੋਂ ਡੇਰੇ ਦੇ ਪ੍ਰਾਡਕਟ ਐੱਮ ਐੱਸ ਜੀ ਦੇ ਨਾਂਅ ਨਾਲ ਵਿਕਦੇ ਹਨ।

# ਭਾਜਪਾ ਨੂੰ ਟਾਟਾ ਟਰੱਸਟ ਕੋਲੋਂ 2018-19 ਵਿੱਚ 356 ਕਰੋੜ ਦਾ ਚੰਦਾ ਮਿਲਿਆ

ਨਵੀਂ ਦਿੱਲੀ, 13 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਚਲਾ ਰਹੀ ਭਾਰਤੀ ਜਨਤਾ ਪਾਰਟੀ ਚੋਣ ਚੰਦਾ ਪ੍ਰਾਪਤ ਕਰਨ ਦੇ ਪੱਖ ਤੋਂ ਕਾਫੀ ਅੱਗੇ ਨਿਕਲ ਗਈ ਹੈ। ਇਸ ਨੂੰ ਸਾਲ 2018-19 ਦੌਰਾਨ ਟਾਟਾ ਗਰੁੱਪ ਵਲੋਂ ਚਲਾਏ ਜਾਂਦੇ ਇਕ ਟਰੱਸਟ ਕੋਲੋਂ 356 ਕਰੋੜ ਰੁਪਏ ਦਾ ਚੰਦਾ ਮਿਲਿਆ ਸੀ।



ਚੋਣ ਕਮਿਸ਼ਨ ਨੂੰ 31 ਅਕਤੂਬਰ ਨੂੰ ਭਾਜਪਾ ਵਲੋਂ ਦਿੱਤੀ ਜਾਣਕਾਰੀ ਮੁਤਾਬਕ ਇਸ ਪਾਰਟੀ ਨੂੰ ਉਸ ਸਾਲ ਦੌਰਾਨ ਚੈੱਕਾਂ ਅਤੇ ਹੋਰ ਆਨਲਾਈਨ ਭੁਗਤਾਨ ਵਿੱਚ 800 ਕਰੋੜ ਰੁਪਏ ਤੋਂ ਵੱਧ ਚੰਦਾ ਮਿਲਿਆ।ਇਸ ਵਿੱਚੋਂ ਲਗਭਗ ਅੱਧਾ ਚੰਦਾ, ਜੋ 356 ਕਰੋੜ ਬਣਦਾ ਹੈ, ਇਕੱਲੇ ਟਾਟਾ ਟਰੱਸਟ ਤੋਂ ਮਿਲਿਆ ਸੀ। ਦਸਤਾਵੇਜ਼ਾਂ ਮੁਤਾਬਕ ਭਾਰਤ ਦੇ ਸਭ ਤੋਂ ਅਮੀਰ ਟਰੱਸਟ 'ਦਿ ਪਰੂਡੈਂਟ ਇਲੈਕਟੋਰਲ ਟਰੱਸਟ' ਨੇ ਭਾਜਪਾ ਨੂੰ 54.25 ਕਰੋੜ ਰੁਪਏ ਚੰਦੇ ਵਜੋਂ ਦਿੱਤੇ। ਭਾਰਤੀ ਗਰੁੱਪ, ਹੀਰੋ ਮੋਟੋਕਾਰਪ, ਜੁਬੀਲੈਂਟ ਫੂਡਵਰਕਸ, ਓਰੀਐਂਟ ਸੀਮੈਂਟ, ਡੀ ਐੱਲ ਐੱਫ, ਜੇ ਕੇ ਟਾਇਰ ਵਰਗੇ ਕਈ ਹੋਰ ਕਾਰਪੋਰੇਟ ਘਰਾਣਿਆਂ ਦੀ ਉਸ ਟਰੱਸਟ ਨੂੰ ਹਮਾਇਤ ਪ੍ਰਾਪਤ ਹੈ।

ਵਰਨਣ ਯੋਗ ਹੈ ਕਿ ਚੋਣ ਕਮਿਸ਼ਨ ਨੂੰ ਰਾਜਸੀਦਲ ਉਸ ਚੰਦੇ ਦੀ ਜਾਣਕਾਰੀ ਦਿੰਦੇ ਹਨ, ਜਿਸ ਵਿੱਚ ਉਨ੍ਹਾਂ ਨੂੰ 20,000 ਰੁਪਏ ਜਾਂ ਇਸ ਤੋਂ ਵੱਧ ਰਕਮ ਮਿਲੀ ਹੋਵੇ ਤੇ ਜਿਸ ਦਾ ਭੁਗਤਾਨ ਚੈੱਕ ਨਾਲ ਜਾਂ ਆਨਲਾਈਨ ਕੀਤਾ ਗਿਆ ਹੋਵੇ। ਇਲੈਕਸ਼ਨ ਬਾਂਡ ਦੇ ਰੂਪ ਵਿੱਚ ਮਿਲਿਆ ਚੰਦਾ ਵੀ ਇਸ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ। ਇਸ ਦਸਤਾਵੇਜ਼ ਵਿੱਚ ਕਿਹਾ ਗਿਆ ਹੈ ਕਿ ਭਾਜਪਾ ਨੂੰ ਵਿਅਕਤੀਆਂ, ਕੰਪਨੀਆਂ ਅਤੇ ਚੋਣ ਟਰੱਸਟਾਂ ਦਾ ਵੀ ਚੰਦਾ ਮਿਲਿਆ ਹੈ। ਚੋਣ ਜ਼ਾਬਤੇ ਦੇ ਮੁਤਾਬਕ ਰਾਜਨੀਤਕ ਪਾਰਟੀਆਂ ਲਈ ਵਿੱਤੀ ਸਾਲ ਵਿੱਚ ਮਿਲਣ ਵਾਲੇ ਸਮੁੱਚੇ ਚੰਦੇ ਦਾ ਖੁਲਾਸਾ ਕਰਨਾ ਜਰੂਰੀ ਹੈ। ਅੱਜ ਕੱਲ੍ਹ ਰਾਜਨੀਤਕ ਪਾਰਟੀਆਂ ਲਈ ਅਜਿਹੇ ਲੋਕਾਂ ਤੇ ਸੰਗਠਨਾਂ ਦੇ ਨਾਂ ਦਾ ਖੁਲਾਸਾ ਕਰਨਾ ਲਾਜ਼ਮੀ ਨਹੀਂ ਹੈ, ਜੋ 20,000 ਰੁਪਏ ਤੋਂ ਘੱਟ ਚੰਦਾ ਦਿੰਦੇ ਹਨ।

# ਹਵਾ ਪ੍ਰਦੂਸ਼ਣ ਦੇ ਹੱਲ ਲਈ ਹਾਈਡ੍ਰੋਜਨ ਜਾਪਾਨੀ ਤਕਨੀਕ ਲੱਭੋ: ਸੁਪਰੀਮ ਕੋਰਟ

ਨਵੀਂ ਦਿੱਲੀ, 13 ਨਵੰਬਰ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਕੇਂਦਰ ਨੂੰ ਨਿਰਦੇਸ਼ ਦਿੱਤਾ ਹੈ ਕਿ ਹਵਾ ਪ੍ਰਦੂਸ਼ਣ ਦੀ ਸਮੱਸਿਆ ਦੇ ਪੱਕੇ ਹੱਲ ਲਈ ਹਾਈਡ੍ਰੋਜਨ ਵਾਲੀ ਜਾਪਾਨੀ ਤਕਨੀਕ ਅਪਣਾਉਣ ਦੀ ਸੰਭਾਵਨਾ ਲੱਭੀ ਜਾਵੇ। ਅਦਾਲਤ ਨੇ ਕੇਂਦਰ ਨੂੰ ਇਸ ਬਾਰੇ ਵਿਚਾਰ ਕਰਨ ਅਤੇ ਤਿੰਨ ਦਸੰਬਰ ਨੂੰ ਆਪਣੀ ਰਾਏ ਦੱਸਣ ਲਈ ਕਿਹਾ ਹੈ। ਗੁਆਂਢੀ ਰਾਜਾਂ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਤੇ ਉਲਟ ਮੌਸਮ ਕਾਰਨ ਦਿੱਲੀ ਵਿੱਚ ਹਵਾ ਦੀ ਗੁਣਵਤਾ ਦੀ ਸਥਿਤੀ 15 ਦਿਨਾਂ ਅੰਦਰ ਦੂਜੀ ਵਾਰ ਹੰਗਾਮੀ ਹਾਲਤ ਵਿਚ ਪੁੱਜਣ ਪਿੱਛੋਂ ਇਹ ਮੁੱਦਾ ਪ੍ਰਮੁੱਖਤਾ ਨਾਲ ਉੱਠਿਆ ਹੈ।



ਚੀਫ ਜਸਟਿਸ ਰੰਜਨ ਗੋਗੋਈ ਤੇ ਜਸਟਿਸ ਐੱਸ ਏ ਬੋਬਡੇ ਨੇ ਕਿਹਾ ਕਿ ਕਿਉਂਕਿ ਦੇਸ਼ ਦੇ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਖ਼ੁਦ ਇਸ ਤਕਨੀਕ ਵੱਲ ਅਦਾਲਤ ਦਾ ਧਿਆਨ ਦਿਵਾਇਆ ਹੈ, ਕੇਂਦਰ ਸਰਕਾਰ ਰਾਸ਼ਟਰੀ ਰਾਜਧਾਨੀ ਖੇਤਰ (ਐੱਨ ਸੀ ਆਰ) ਅਤੇ ਉੱਤਰੀ ਭਾਰਤ ਦੇ ਦੂਸਰੇ ਰਾਜਾਂ ਵਿੱਚ ਇਸ ਤਕਨੀਕ ਦੀ ਵਰਤੋਂ ਦੀ ਸੰਭਾਵਨਾ ਲੱਭੇ। ਬੈਂਚ ਨੇ ਕਿਹਾ ਕਿ ਹਵਾ ਪ੍ਰਦੂਸ਼ਣ ਦਾ ਪੱਕਾ ਹੱਲ ਲੱਭਣਾ ਜ਼ਰੂਰੀ ਹੈ ਕਿਉਂਕਿ ਰਾਸ਼ਟਰੀ ਰਾਜਧਾਨੀ ਖੇਤਰ ਅਤੇ ਉੱਤਰ ਭਾਰਤ ਦੇ ਬਾਕੀ ਹਿੱਸਿਆਂ ਦੇ ਲੋਕਾਂ ਨੂੰ ਇਹ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਿਹਾ ਹੈ। ਮਹਿਤਾ ਨੇ ਬੈਂਚ ਨੂੰ ਕਿਹਾ ਕਿ ਜਾਪਾਨ ਵਿੱਚ ਇਕ ਯੂਨੀਵਰਸਿਟੀ ਨੇ ਐੱਨ ਸੀ ਆਰ ਅਤੇ ਉੱਤਰੀ ਭਾਰਤ ਵਿੱਚ ਹਵਾ ਪ੍ਰਦੂਸ਼ਣ ਦੀ ਸਥਿਤੀ ਦੀ ਖੋਜ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਖੋਜ ਨਵੀਂ ਹੈ ਤੇ ਸਰਕਾਰ ਸੋਚਦੀ ਹੈ ਕਿ ਹਵਾ ਪ੍ਰਦੂਸ਼ਣ ਦੀ ਮੌਜੂਦਾ ਹਾਲਤ ਨਾਲ ਨਿਪਟਣ ਲਈ ਇਸ ਤਕਨੀਕ ਦੀ ਵਰਤੋਂ ਹੋ ਸਕਦੀ ਹੈ। ਉਨ੍ਹਾਂ ਜਾਪਾਨੀ ਯੂਨੀਵਰਸਿਟੀ ਦੇ ਖੋਜੀ ਵਿਸ਼ਵਨਾਥ ਜੋਸ਼ੀ ਬਾਰੇ ਬੈਂਚ ਨੂੰ ਦੱਸਿਆ ਹੈ। ਜੋਸ਼ੀ ਨੇ ਜੱਜਾਂ ਨੂੰ ਹਾਈਡ੍ਰੋਜਨ ਆਧਾਰਤ ਤਕਨੀਕ ਬਾਰੇ ਦੱਸਿਆ ਕਿ ਇਸ ਵਿਚ ਹਵਾ ਪ੍ਰਦੂਸ਼ਣ ਖ਼ਤਮ ਕਰਨ ਦੀ ਸਮਰੱਥਾ ਹੈ।

# ਇਨਫੋਸਿਸ ਦੇ ਖਿਲਾਫ ਇੱਕ ਹੋਰ ਗੁਪਤ ਸ਼ਿਕਾਇਤ ਵਿੱਚ ਸੀ ਈ ਓ ਉੱਤੇ ਧੋਖਾਦੇਹੀ ਦਾ ਦੋਸ਼

ਬੰਗਲੌਰ, 13 ਨਵੰਬਰ (ਪੋਸਟ ਬਿਊਰੋ)- ਸੂਚਨਾ ਤਕਨੀਕੀ ਖੇਤਰ ਦੀ ਕੰਪਨੀ ਇਨਫੋਸਿਸ ਇੱਕ ਵਾਰ ਫਿਰ ਵਿਵਾਦਾਂ ਵਿੱਚ ਘਿਰਦੀ ਨਜ਼ਰ ਆ ਰਹੀ ਹੈ। ਇਸ ਬਾਰੇ ਇੱਕ ਹੋਰ ਗੁਪਤ ਪੱਤਰ ਸਾਹਮਣੇ ਆਇਆ ਹੈ, ਜਿਸ ਵਿੱਚ ਇਸ ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਸਲਿਲ ਪਾਰੇਖ ਦੇ ਖਿਲਾਫ ਧੋਖਾਦੇਹੀ ਦਾ ਦੋਸ਼ ਲਾਉਂਦੇ ਹੋਏ ਡਾਇਰੈਕਟਰਾਂ ਦੇ ਬੋਰਡ ਤੋਂ ਉਨ੍ਹਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਹਾਲੇ ਕੁਝ ਹਫਤੇ ਪਹਿਲਾਂ ਇਸ ਕੰਪਨੀ ਦੇ ਅੰਦਰ ਦੇ ਆਪਣੇ ਕਰਮਚਾਰੀਆਂ ਦੇ ਇੱਕ ਗਰੁੱਪ ਨੇ ਇਨਫੋਸਿਸ ਦੇ ਉਚ ਅਧਿਕਾਰੀਆਂ ਦੇ ਖਿਲਾਫ ਗੈਰ ਵਾਜਿਬ ਵਿਹਾਰ ਦਾ ਦੋਸ਼ ਲਾਇਆ ਸੀ, ਜਿਸ ਦੀ ਜਾਂਚ ਚੱਲ ਰਹੀ ਹੈ। ਤਾਜ਼ਾ ਕੇਸ ਵਿੱਚ ਵ੍ਹਿਸਲਬਲੋਅਰਜ਼ ਨੇ ਖੁਦ ਨੂੰ ਇਸ ਕੰਪਨੀ ਦੇ ਵਿੱਤ ਵਿਭਾਗ ਦੇਸਟਾਫਰ ਦੱਸਿਆ ਹੈ। ਇਸ ਪੱਤਰ ਵਿੱਚ ਕਿਹਾ ਗਿਆ ਹੈ ਕਿ ਉਹ ਇਹ ਸ਼ਿਕਾਇਤ ਸਰਬਸੰਮਤੀ ਨਾਲ ਕਰ ਰਹੇ ਹਨ। ਪਛਾਣ ਨਾ ਦੱਸਣ ਵਾਲੇ ਪੱਤਰ ਵਿੱਚ ਕਿਹਾ ਗਿਆ ਹੈ ਕਿ ਇਹ ਮਾਮਲਾ ਕਾਫੀ ਵਿਸਫੋਟਕ ਹੈ ਅਤੇ ਉਨ੍ਹਾਂ ਨੂੰ ਸ਼ੱਕ ਹੈ ਕਿ ਪਛਾਣ ਉਜਾਗਰ ਹੋਣ 'ਤੇ ਬਦਲੇ ਦੀ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਵ੍ਹਿਸਲਬਲੋਅਰ ਪੱਤਰ 'ਚ ਤਰੀਕ ਨਹੀਂ ਪਾਈ ਗਈ।

ਪਤਾ ਲੱਗਾ ਹੈ ਕਿ ਇਸ ਪੱਤਰ ਵਿੱਚ ਕਿਹਾ ਗਿਆ ਹੈ, ਮੈਂ ਤੁਹਾਡਾ ਧਿਆਨ ਕੁਝ ਉਨ੍ਹਾਂ ਤੱਥਾਂ ਦੇ ਵੱਲ ਦਿਵਾਉਣਾ ਚਾਹੁੰਦਾ ਹਾਂ, ਜਿਨ੍ਹਾਂ ਨਾਲ ਮੇਰੀ ਕੰਪਨੀ ਵਿੱਚ ਨੈਤਿਕਤਾ ਦੀ ਪ੍ਰਣਾਲੀ ਕਮਜ਼ੋਰ ਪੈ ਰਹੀ ਹੈ। ਕੰਪਨੀ ਦਾ ਕਰਮਚਾਰੀ ਅਤੇ ਸ਼ੇਅਰ ਹੋਲਡਰ ਹੋਣ ਦੇ ਨਾਤੇ ਮੈਨੂੰ ਲੱਗਦਾ ਹੈ ਕਿ ਇਹ ਮੇਰਾ ਫਰਜ਼ ਹੈ ਕਿ ਕੰਪਨੀ ਦੇ ਮੌਜੂਦਾ ਸੀ ਈ ਓ ਸਲਿਲ ਪਾਰੇਖ ਵੱਲੋਂ ਕੀਤੀਆਂ ਜਾ ਰਹੀਆਂ ਧੋਖਾਦੇਹੀਆਂ ਵੱਲ ਤੁਹਾਡਾ ਧਿਆਨ ਦਿਵਾਵਾਂ। ਮੈਨੂੰ ਆਸ ਹੈ ਕਿ ਤੁਸੀਂ ਇਨਫੋਸਿਸ ਦੀ ਸਹੀ ਭਾਵਨਾ ਨਾਲ ਆਪਣੀਆਂ ਜ਼ਿੰਮੇਵਾਰੀਆਂ ਨਿਭਾਓਗੇ ਤੇ ਸਟਾਫ ਅਤੇ ਸ਼ੇਅਰਧਾਰਕਾਂ ਦੇ ਪੱਖ ਵਿੱਚ ਕਦਮ ਚੁੱਕੋਗੇ।ਕੰਪਨੀ ਦੇ ਸਟਾਫ ਅਤੇ ਸ਼ੇਅਰਧਾਰਕਾਂ 'ਚ ਤੁਹਾਡੇ ਬਾਰੇ ਕਾਫੀ ਭਰੋਸਾ ਹੈ।

## ਦਸੰਬਰ ਤੋਂ ਸਕੂਲਾਂ-ਕਾਲਜਾਂ ਦੇ ਨੇੜੇ ਜੰਕ ਫੂਡ ਨਹੀਂ ਵਿਕੇਗਾ

ਨਵੀਂ ਦਿੱਲੀ, 13 ਨਵੰਬਰ (ਪੋਸਟ ਬਿਊਰੋ)- ਐੱਫ ਐੱਸ ਐੱਸ ਏ ਆਈ (ਭਾਰਤੀ ਫੂਡ ਸੇਫਟੀ ਸਟੈਂਡਰਜ਼ ਅਥਾਰਟੀ) ਨੇ ਸਕੂਲਾਂ-ਕਾਲਜਾਂ ਦੇ ਨੇੜੇ ਜੰਕ ਫੂਡ ਉੱਤੇ ਰੋਕ ਲਾ ਦਿੱਤੀ ਹੈ। ਦਸੰਬਰ ਤੋਂ ਇਹ ਰੋਕ ਲਾਗੂ ਹੋ ਜਾਵੇਗੀ। ਇਹੀ ਨਹੀਂ ਜੰਕ ਫੂਡ ਦੇ ਇਸ਼ਤਿਹਾਰ ਕਰਨ ਉੱਤੇ ਵੀ ਰੋਕ ਲੱਗੇਗੀ। ਇਹ ਰੋਕ ਸਕੂਲਾਂ-ਕਾਲਜਾਂ ਵਿੱਚ ਵਿਕਣ ਵਾਲੇ ਜੰਕ ਫੂਡ ਉੱਤੇ ਲਾਈ ਗਈ ਹੈ। ਇਸ ਰੋਕ ਦੇ ਤਹਿਤ ਸਕੂਲਾਂ-ਕਾਲਜਾਂ ਦੇ 50 ਮੀਟਰ ਦੇ ਦਾਇਰੇ ਵਿੱਚ ਜੰਕ ਫੂਡ ਨਾ ਵੇਚੇ ਜਾਣਗੇ ਅਤੇ ਨਾ ਇਨ੍ਹਾਂ ਦਾ ਪ੍ਰਚਾਰ ਕੀਤਾ ਜਾ ਸਕੇਗਾ।

ਪਤਾ ਲੱਗਾ ਹੈ ਕਿ ਐੱਫ ਐੱਸ ਐੱਸ ਏ ਆਈ ਨੇ ਕਈ ਤਰ੍ਹਾਂ ਦੀ ਸਟੱਡੀ ਦਾ ਹਵਾਲਾ ਦੇ ਕੇ ਸਕੂਲਾਂ-ਕਾਲਜਾਂ ਨੂੰ ਅਜਿਹੇ ਫੂਡ ਆਈਟਮਜ਼ ਉੱਤੇ ਪਾਬੰਦੀ ਲਾਉਣ ਨੂੰ ਕਿਹਾ ਹੈ, ਜਿਨ੍ਹਾਂ ਵਿੱਚ ਵੱਡੀ ਮਾਤਰਾ ਵਿੱਚ ਫੈਟ, ਸਾਲਟ ਜਾਂ ਸੂਗਰ ਹੁੰਦਾ ਹੈ। ਐੱਫ ਐੱਸ ਐੱਸ ਏ ਆਈ ਨੇ ਸਿਗਰੇਟ ਬੀੜੀ ਵਾਂਗ ਜੰਕ ਫੂਡ ਦੇ ਸਕੂਲ ਕੰਪਲੈਕਸ ਦੇ ਨਾਲ ਦੇ 50 ਮੀਟਰ ਦੇ ਘੇਰੇ ਵਿੱਚ ਵੇਚਣ ਉੱਤੇ ਰੋਕ ਲਾ ਦਿੱਤੀ ਹੈ। ਅਜਿਹੇ ਫੂਡਜ਼ ਵਿੱਚ ਪੀਜ਼ਾ, ਬਰਗਰ ਜਾਂ ਕੋਲਡ ਡਰਿੰਕ ਅਤੇ ਚਿਪਸ, ਫਰੈਂਚ ਫਰਾਈਜ਼, ਸਮੋਸੇ, ਪੇਸਟਰੀ, ਸੈਂਡਵਿਚ, ਬਰੈਡ ਪਕੌੜਾ ਵਰਗੀਆਂ ਚੀਜ਼ਾਂ ਵੀ ਸ਼ਾਮਲ ਹਨ।

ਇਸ ਸੰਬੰਧ ਵਿੱਚ ਡਾਕਟਰ ਵਿਵੇਕ ਬਿੰਦਾਲ ਦਾ ਕਹਿਣਾ ਹੈ ਕਿ ਜੰਕ ਫੂਡ (ਹਾਈ ਫੈਟ, ਸ਼ੂਗਰ, ਸਾਲਟ) ਇਕ ਤਰ੍ਹਾਂ ਦਾ ਪੈਕਡ ਫੂਡ ਹੁੰਦਾ ਹੈ। ਇਹ ਓਨਾ ਹੀ ਖਤਰਨਾਕ ਹੈ, ਜਿੰਨਾ ਤੰਬਾਕੂ ਤੇ ਸਿਗਰੇਟ। ਇਸ ਲਈ ਸਕੂਲਾਂ ਵਿੱਚ ਜਾਂ ਸਕੂਲਾਂ ਦੇ ਨੇੜੇ ਇਹ ਫੂਡ ਨਹੀਂ ਵੇਚਣੇ ਚਾਹੀਦੇ ਅਤੇ ਨਾ ਇਸ ਦਾ ਪ੍ਰਚਾਰ ਹੋਣਾ ਚਾਹੀਦਾ ਹੈ।

# 200 ਮੁਲਾਜ਼ਮ ਕੱਢਣ ਦੇ ਵਿਵਾਦ ਪਿੱਛੋਂ ਹੌਂਡਾ ਦੇ ਮਾਨੇਸਰ ਪਲਾਂਟ ਵਿੱਚ ਉਤਪਾਦਨ ਬੰਦ

ਨਵੀਂ ਦਿੱਲੀ, 13 ਨਵੰਬਰ (ਪੋਸਟ ਬਿਊਰੋ)- ਆਰਥਿਕ ਮੰਦੀ ਦੀ ਮਾਰ ਝੱਲ ਰਹੀ ਭਾਰਤ ਦੀ ਆਟੋ ਇੰਡਸਟਰੀ ਲਈ ਇੱਕ ਹੋਰ ਬੁਰੀ ਖਬਰ ਹੈ। ਹੌਂਡਾ ਮੋਟਰ ਸਾਈਕਲ ਐਂਡ ਸਕੂਟਰਸ ਨੇ ਆਪਣੇ ਮਾਨੇਸਰ ਪਲਾਂਟ 'ਚ ਉਤਪਾਦਨ ਬੰਦ ਕਰ ਦਿੱਤਾ ਹੈ। ਕਰਮਚਾਰੀ ਯੂਨੀਅਨ ਨਾਲ ਗੱਲਬਾਤ ਸਿਰੇ ਨਾ ਚੜ੍ਹਨ ਪਿੱਛੋਂ ਕੰਪਨੀ ਨੇ ਇਹ ਕਦਮ ਚੁੱਕਿਆ ਹੈ। ਵਰਨਣ ਯੋਗ ਹੈ ਕਿ ਠੇਕੇ ਉੱਤੇ ਰੱਖੇ ਗਏ ਮੁਲਾਜ਼ਮਾਂ ਨੂੰ ਕੱਢਣ ਬਾਰੇ ਕੰਪਨੀ ਤੇ ਯੂਨੀਅਨ ਵਿਚਾਲੇ ਵਿਵਾਦ ਚੱਲ ਰਿਹਾ ਸੀ। ਬਣੇ ਹੋਏ ਮਾਲ ਦੀ ਵਿਕਰੀ ਵਿੱਚ ਗਿਰਾਵਟ ਕਾਰਨ ਪਿਛਲੇ ਹਫਤੇ ਹੀ ਕੰਪਨੀ ਨੇ ਕਾਂਟਰੈਕਟ 'ਤੇ ਰੱਖੇ 200 ਮੁਲਾਜ਼ਮਾਂ ਨੂੰ ਕੱਢ ਦਿੱਤਾ ਸੀ। ਇਸ ਸਾਲ ਦੇ ਸ਼ੁਰੂ ਤੋਂ ਕੰਪਨੀ ਲਗਭਗ 1000 ਵਰਕਰਾਂ ਨੂੰ ਕੱਢ ਚੁੱਕੀ ਹੈ, ਜਿਸ ਕਾਰਨ ਪਲਾਂਟ ਦੇ ਕਰਮਚਾਰੀ ਕਈ ਦਿਨਾਂ ਤੋਂ ਹੜਤਾਲ 'ਤੇ ਸਨ। ਵਰਕਰਾਂ ਨਾਲ ਗੱਲਬਾਤ ਦਾ ਕੋਈ ਨਤੀਜਾ ਨਾ ਨਿਕਲਦਾ ਵੇਖ ਕੇ ਕੱਲ੍ਹ ਪਲਾਂਟ ਅਣਮਿੱਥੇ ਸਮੇਂ ਲਈ ਬੰਦ ਕਰ ਦਿੱਤਾ ਗਿਆ ਹੈ। ਮੈਨੇਜਮੈਂਟ ਨੇ ਇਸ ਬਾਰੇ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ, ਜਿਸ ਵਿੱਚ ਲਿਖਿਆ ਹੈ; 'ਜਾਰੀ ਵਿਰੋਧ ਨੂੰ ਵੇਖਦਿਆਂ ਪਲਾਂਟ ਦਾ ਕਾਰੋਬਾਰ ਅਗਲੇ ਹੁਕਮਾਂ ਤੱਕ ਬੰਦ ਕੀਤਾ ਜਾਂਦਾ ਹੈ।' ਮਾਨੇਸਰ ਪਲਾਂਟ ਤੋਂ 650 ਕੱਚੇ ਵਰਕਰਾਂ ਨੂੰ ਕੱਢਣ ਦੇ ਵਿਰੋਧ ਵਿੱਚ ਕਰਮਚਾਰੀ ਪੰਜ ਨਵੰਬਰ ਤੋਂ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਦੀ ਯੂਨੀਅਨ ਦੀ ਮੰਗ ਹੈ ਕਿ ਜਾਂ ਸਾਰੇ ਕਰਮਚਾਰੀਆਂ ਨੂੰ ਵਾਪਸ ਕੰਮ 'ਤੇ ਇਆ ਜਾਵੇ ਜਾਂ ਉਨ੍ਹਾਂ ਨੂੰ ਇੱਕ ਲੱਖ ਰੁਪਏ ਪ੍ਰਤੀ ਸਾਲ ਦੀ ਸਹਾਇਤਾ ਦਿੱਤੀ ਜਾਵੇ। ਇਸ ਤੋਂ ਪਹਿਲਾਂ ਸੋਮਵਾਰ ਨੂੰ ਮੈਨੇਜਮੈਂਟ ਅਤੇ ਯੂਨੀਅਨ ਦੇ ਮੈਂਬਰਾਂ ਵਿੱਚ ਗੱਲਬਾਤ ਹੋਈ, ਪਰ ਸੁਲ੍ਹਾ ਦਾ ਕੋਈ ਰਸਤਾ ਕੱਢਣ 'ਚ ਅਸਫਲ ਰਹੇ ਸਨ। ਯੂਨੀਅਨ ਪ੍ਰਧਾਨ ਸੁਰੇਸ਼ ਕੁਮਾਰ ਗੌੜ ਨੇ ਕਿਹਾ, ਮੈਨੇਜਮੈਂਟ ਟੀਮ ਆਪਣੀ ਜ਼ਿੱਦ 'ਤੇ ਅੜੀ ਹੈ। ਇਸ ਕਾਰਨ ਸੁਲ੍ਹਾ ਦਾ ਰਸਤਾ ਨਹੀਂ ਨਿਕਲ ਰਿਹਾ ਹੈ। ਮੈਨੇਜਮੈਂਟ ਦਾ ਕਹਿਣਾ ਹੈ ਕਿ ਸਥਾਈ ਕਰਮਚਾਰੀ ਯੂਨੀਅਨ ਜਾਣਬੁੱਝ ਕੇ ਠੇਕੇ ਦੇ ਵਰਕਰਾਂ ਨੂੰ ਹੜਤਾਲ ਲਈ ਉਕਸਾ ਰਹੀ ਹੈ। ਯੂਨੀਅਨ ਪ੍ਰਧਾਨ ਨੇ ਮੈਨੇਜਮੈਂਟ ਦੇ ਸ਼ੱਕ ਨੂੰ ਗੈਰ ਜ਼ਰੂਰੀ ਦੱਸਦੇ ਹੋਏ ਕਿਹਾ ਕਿ ਕੱਚੇ ਵਰਕਰਾਂ ਦੀ ਇੱਕ ਮਹੀਨਾ ਪਹਿਲਾਂ ਚਾਰ ਦਿਨ ਦੀ ਭੁੱਖ ਹੜਤਾਲ ਵਿੱਚ ਮੈਨੇਜਮੈਂਟ ਨੇ ਵਾਅਦਾ ਕੀਤਾ ਸੀ ਕਿ ਇਨ੍ਹਾਂ ਦੀਆਂ ਸੇਵਾਵਾਂ ਦੇ ਲਈ ਨੀਤੀ ਬਣਾਈ ਜਾਵੇਗੀ, ਪਰ ਵਾਅਦਾ-ਖਿਲਾਫੀ ਕਰ ਕੇ ਮੈਨੇਜਮੈਂਟ ਨੇ ਇਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ, ਜਿਸ ਤੋਂ ਸਾਫ ਹੈ ਕਿ ਅਸਲ ਵਿੱਚ ਇਹ ਹੜਤਾਲ ਮੈਨੇਜਮੈਂਟ ਦੀ ਜ਼ਿੱਦ ਦਾ ਨਤੀਜਾ ਹੈ।

# ਸਸਤਾ ਸੋਨਾ ਦਿਵਾਉਣ ਦੇ ਨਾਂਅ ਉਤੇ 1.88 ਕਰੋੜ ਰੁਪਏ ਹੜੱਪ ਲਏ

ਕੈਥਲ, 13 ਨਵੰਬਰ (ਪੋਸਟ ਬਿਊਰੋ)- ਹਰਿਆਣੇ ਦੇ ਕੈਥਲ ਵਿੱਚ ਸਸਤੇ ਸੋਨਾ ਦੇਣ ਦੇ ਨਾਂਅ 'ਤੇ ਇੱਕ ਕਰੋੜ 88 ਲੱਖ ਰੁਪਏ ਦੀ ਠੱਗੀ ਕਰਨ ਦਾ ਇੱਕ ਮਾਮਲਾ ਸਾਹਮਣੇ ਆਇਆ ਹੈ।



ਪਿੰਡ ਢੂੰਡਵਾ ਦੇ ਰਾਮਫਲ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਗੁਲਮੋਹਰ ਸਿਟੀ ਕੈਥਲ ਵਿੱਚ ਕਿਰਾਏ ਉਤੇ ਰਹਿੰਦਾ ਸੀ। ਨਵੰਬਰ 2018 ਵਿੱਚ ਉਸ ਨੂੰ ਪੁਰਾਣਾ ਜਾਣਕ-ਾਰ ਅਨਿਲ ਕੈਥਲ ਵਿਚ ਬਸ ਸਟੈਂਡ ਚੌਕ 'ਤੇ ਮਿਲਿਆ। ਰਾਮਫਲ ਦਾ ਕਹਿਣਾ ਹੈ ਕਿ ਅਨਿਲ ਜ਼ਰੂਰੀ ਗੱਲ ਕਰਨ ਦੀ ਕਹਿ ਕੇ ਉਸ ਦੇ ਨਾਲ ਫਲੈਟ ਵਿੱਚ ਆ ਗਿਆ ਤੇ ਏਥੇ ਆ ਕੇ ਉਸ ਨੇ ਕਿਹਾ ਕਿ ਉਹ ਬਾਜ਼ਾਰ ਤੋਂ ਸਸਤੇ ਭਾਅ ਉੱਤੇ ਸੋਨਾ ਦਿਵਾ ਸਕਦਾ ਹੈ। ਦੋ-ਤਿੰਨ ਦਿਨ ਪਿੱਛੋਂ ਅਨਿਲ ਉਸ ਨੂੰ ਆਪਣੇ ਨਾਲ ਜੀਰਕਪੁਰ ਲੈ ਗਿਆ, ਜਿੱਥੇ ਜੀਂਦ ਜ਼ਿਲਾ ਦੇ ਸੁਦਕੈਨ ਖੁਰਦ ਦਾ ਵਾਸੀ ਵਿਜੇ ਅਤੇ ਰਵੀਸ਼ ਦੇ ਨਾਲ ਗੱਲ ਕਰਵਾਈ ਅਤੇ ਉਨ੍ਹਾਂ ਨੇ 23,500 ਰੁਪਏ ਪ੍ਰਤੀ ਤੋਲਾ ਸੋਨਾ ਦੇਣ ਦੀ ਗੱਲ ਕਹੀ। ਰਾਮਫਲ ਨੇ ਆਪਣੇ ਦੋਸਤ ਅਤੇ ਰਿਸ਼ਤੇਦਾਰਾਂ ਤੋਂ ਰੁਪਏ ਇਕੱਠੇ ਕਰ ਕੇ ਇੱਕ ਕਰੋੜ 88 ਲੱਖ ਰੁਪਏ 13 ਨਵੰਬਰ 2018 ਨੂੰ ਦੋਸ਼ੀਆਂ ਨੂੰ ਦੇ ਦਿੱਤੇ ਅਤੇ ਇਸ ਦੇ ਬਾਅਦ 20 ਮਾਰਚ 2019 ਨੂੰ ਅਨਿਲ ਦੇ ਪਿੰਡ ਹਜਵਾਨਾ ਗਏ ਤਾਂ ਉਸ ਨੇ ਇੱਕ ਮਹੀਨੇ ਦਾ ਸਮਾਂ ਮੰਗਿਆ। ਇੱਕ ਮਹੀਨਾ ਬੀਤਣ ਪਿੱਛੋਂ ਦੋਸ਼ੀਆਂ ਨੇ ਰੁਪਏ ਵਾਪਸ ਨਹੀਂ ਕੀਤੇ ਤੇ ਰੁਪਏ ਮੰਗਣ 'ਤੇ ਗੋਲੀ ਮਾਰਨ ਦੀ ਧਮਕੀ ਦਿੱਤੀ ਗਈ। ਪੁਲਸ ਅਧਿਕਾਰੀਆਂ ਮੁਤਾਬਕ ਸਸਤਾ ਸੋਨਾ ਦਿਵਾਉਣ ਦੇ ਨਾਂਅ 'ਤੇ ਕੈਥਲ ਵਿੱਚ 350 ਕਰੋੜ ਰੁਪਏ ਤੋਂ ਵੱਧ ਦੀ ਧੋਖਾਧੜੀ ਹੋਣ ਦਾ ਅਨੁਮਾਨ ਹੈ। ਇਸ ਠੱਗੀ ਦਾ ਮਾਸਟਰਮਾਈਂਡ ਸ਼ਰੀਫਗੜ੍ਹ ਦਾ ਕੈਂਡੀ ਬਾਬਾ ਫਰਾਰ ਹੋ ਗਿਆ ਹੈ।

MICHELIN
Hankook
Continental
ROADLUX
BFGoodrich
AEOLUS
COMPASAL
Chevron
Delo
Special OIL CHANGE Rates

BEST TRUCK REPAIR & TIRE CENTRE

We also Specialize in Engine, AC, Transmission, Differential Rebuild, Safety Inspection & All Kinds of Electric Work

ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ

SPECIAL ON TRUCK ALIGNMENT
BRAND NEW MACHINES 2018

Brake & Drum - On Special Sale! Made in U.S

Special Sale 4 CAT Batteries $550 with Installation

Special Sale on Smartway Approved Tires $245 each

4 Mechanics Needed Urgently

www.besttruckrepairandtire.ca | Email: ranjitbesttruck@yahoo.ca

7 ਦਿਨ ਖੁੱਲਾ
30 Truck Parking Also Available!

1715 Sismet Rd, Mississauga | Call Ranjit: 416.624.8351 | Tel: 905.625.0055



# ਅਮਰੀਕਾ ਵਿੱਚ ਸਿੱਖਾਂ ਖਿਲਾਫ਼ ਨਫ਼ਰਤ ਦੇ ਕੇਸ ਤਿੰਨ ਗੁਣਾ ਵਧੇ




ਨਿਊਯਾਰਕ, 13 ਨਵੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਸਿੱਖਾਂ ਦੇ ਖਿਲਾਫ ਨਫ਼ਰਤ ਦੇ ਕੇਸ (ਹੇਟ ਕਰਾਈਮ) ਤਿੰਨ ਗੁਣਾ ਤੱਕ ਵਧੇ ਹਨ। ਇਹ ਖੁਲਾਸਾ ਕੇਂਦਰੀ ਜਾਂਚ ਏਜੰਸੀ ਫੈਡਰਲ ਬਿਊਰੋ ਆਫ ਇੰਵੈਸਟੀਗੇਸ਼ਨ (ਐੱਫ ਬੀ ਆਈ) ਨੇ ਆਪਣੀ ਰਿਪੋਰਟ ਵਿੱਚ ਕੀਤਾ ਹੈ। ਇਸ ਦੇ ਮੁਤਾਬਕ ਬੀਤੇ ਇੱਕ ਸਾਲ ਵਿੱਚ ਅਮਰੀਕਾ ਵਿੱਚ ਹੇਟ ਕਰਾਈਮ ਦੇ ਦੋਸ਼ਾਂ ਦੀ ਗਿਣਤੀ ਪਿਛਲੇ 16 ਸਾਲਾਂ ਤੋਂ ਸਭ ਤੋਂ ਉੱਚੇ ਪੱਧਰ ਉੱਤੇ ਪਹੁੰਚ ਗਈ ਹੈ।

ਬੀਤੇ ਦਿਨੀਂ ਅਮਰੀਕਾ ਦੀ ਕੇਂਦਰੀ ਜਾਂਚ ਏਜੰਸੀ ਨੇ 2018 ਵਿੱਚ ਹੇਟ ਕਰਾਈਮ ਦੇ ਅੰਕੜੇ ਦਿੱਤੇ ਹਨ, ਜਿਸ ਦੇ ਮੁਤਾਬਕ ਇਸ ਸਾਲ ਲੈਟਿਨ ਮੂਲ ਦੇ ਲੋਕਾਂ ਖਿਲਾਫ ਸਭ ਤੋਂ ਵੱਧ ਹੇਟ ਕਰਾਈਮ ਦੇ ਜੁਰਮ ਹੋਏ ਅਤੇ ਮੁਸਲਮਾਨ, ਯਹੂਦੀ ਤੇ ਸਿੱਖ ਵੀ ਵੱਡੀ ਗਿਣਤੀ ਵਿੱਚ ਇਸ ਦੇ ਸ਼ਿਕਾਰ ਬਣੇ ਹਨ। ਸਾਲ 2017 ਤੋਂ 2018 ਤੱਕ ਸਿੱਖਾਂ ਦੇ ਖਿਲਾਫ਼ ਨਫਰਤ ਦੇ ਆਪਰਾਧਿਕ ਕੇਸ ਤਿੰਨ ਗੁਣਾ ਤੱਕ ਵਧੇ ਹਨ। ਐਫ ਬੀ ਆਈ ਦੀ ਹੇਟ ਕਰਾਈਮ ਬਾਰੇ ਰਿਪੋਰਟ ਦੇ ਮੁਤਾ-ਬਕ ਸਾਲ 2017 ਵਿੱਚ ਸਿੱਖਾਂ ਦੇ ਖਿਲਾਫ ਅਜਿਹੀਆਂ 20 ਵਾਰਦਾਤਾਂ ਹੋਈਆਂ ਸਨ, ਸਾਲ 2018 ਵਿੱਚ ਇਹ ਗਿਣਤੀ ਵਧ ਕੇ 60 ਤੱਕ ਚਲੀ ਗਈ। ਅਜਿਹੀਆਂ ਸਭ ਤੋਂ ਵੱਧ ਵਾਰਦਾਤਾਂ ਯਹੂਦੀਆਂ (56.9 ਫੀਸਦੀ) ਅਤੇ ਮੁਸਲਮਾਨਾਂ (14.6 ਫੀਸਦੀ) ਨਾਲ ਹੋਈਆਂ। ਇਨ੍ਹਾਂ ਤੋਂ ਬਾਅਦ ਤੀਜੇ ਨੰਬਰ ਉੱਤੇ ਸਿੱਖਾਂ (4.3 ਫੀਸਦੀ) ਨਾਲ ਜੁਰਮ ਹੋਏ ਅਤੇ ਏਦਾਂ ਅਮਰੀਕੀਆਂ ਨਾਲ ਵਾਰਦਾਤਾਂ ਦੇ ਸਾਲ 2017 ਵਿੱਚ 430 ਕੇਸ ਸਾਹਮਣੇ ਆਏ ਸਨ। ਸਾਲ 2018 ਵਿੱਚ ਅਜਿਹੇ 485 ਕੇਸ ਵਾਪਰੇ ਹਨ। ਇਸ ਦੌਰਾਨ ਮੁਸਲਮਾਨ ਤੇ ਅਰਬ ਮੂਲ ਵਾਲਿਆਂ ਨਾਲ ਹੇਟ ਕਰਾਈਮ ਦੇ 270 ਕੇਸ ਹੋਏ ਸਨ। ਰਿਪੋਰਟ ਅਨੁਸਾਰ ਸਾਲ 2017 ਦੇ ਮੁਕਾਬਲੇ 2018 ਵਿੱਚ ਨਫ਼ਰਤ ਦੋਸ਼ ਦੀਆਂ ਵਾਰਦਾਤਾਂ ਵਿੱਚ ਕੁਝ ਕਮੀ ਆਈ। ਇਹ 7175 ਤੋਂ ਘਟ ਕੇ 7120 ਹੋ ਗਈ। ਇਸ ਤੋਂ ਪਹਿਲਾਂ ਸਾਲ 2016 ਤੋਂ 2017 ਵਿੱਚ ਨਫ਼ਰਤ ਦੇ ਜੁਰਮ ਕਰੀਬ 17 ਫੀਸਦੀ ਤੱਕ ਵਧੇ ਸਨ। ਇਸ ਵਾਰ ਜਾਇਦਾਦ ਦੇ ਖਿਲਾਫ ਜੁਰਮਾਂ ਵਿੱਚ ਕਮੀ ਆਈ, ਪਰ ਲੋਕਾਂ ਉਤੇ ਨਿੱਜੀ ਹਮਲਿਆਂ ਦੀਆਂ ਵਾਰਦਾਤਾਂ ਵਧੀਆਂ ਹਨ। ਕੁਲ 7120 ਨਫ਼ਰਤ ਦੇ ਜੁਰਮ ਦੀਆਂ ਵਾਰਦਾਤਾਂ ਵਿੱਚੋਂ 4571 (61 ਫੀਸਦੀ) ਕਿਸੇ ਵਿਅਕਤੀ ਦੇ ਖਿਲਾਫ ਹੋਈਆਂ ਸਨ। ਅਮਰੀਕਾ ਵਿੱਚ ਹੇਟ ਕਰਾਈਮ ਵਧਣ ਦਾ ਇੱਕ ਵੱਡਾ ਕਾਰਨ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਬਿਆਨਾਂ ਤੇ ਉਨ੍ਹਾਂ ਦੀ ਸਰਕਾਰ ਦੀਆਂ ਨੀਤੀਆਂ ਨੂੰ ਮੰਨਿਆ ਜਾਂਦਾ ਹੈ। ਖ਼ਬਰਾਂ ਮੁਤਾਬਕ ਟਰੰਪ ਪ੍ਰਸ਼ਾਸਨ ਨੇ ਬੀਤੇ ਸਮੇਂ ਵਿੱਚ ਪ੍ਰਵਾਸੀਆਂ ਤੇ ਸ਼ਰਣਾਰਥੀਆਂ ਨੂੰ ਦੇਸ਼ ਤੋਂ ਕੱਢਣ ਦੇ ਬਿਆਨ ਦਿੱਤੇ ਹਨ। ਸਰਕਾਰੀ ਨੀਤੀਆਂ ਵੀ ਇਸੇ ਦਿਸ਼ਾ ਵਿੱਚ ਹਨ। ਟਰੰਪ ਪ੍ਰਸ਼ਾਸਨ ਨੇ ਐਲ ਜੀ ਬੀ ਟੀ (ਲੇਸਬੀਅਨ, ਗੇ, ਬਾਈਸੈਕਸੂਅਲ ਅਤੇ ਟਰਾਂਸਜੈਂਡਰ) ਗਰੁੱਪਾਂ ਦੇ ਖਿਲਾਫ ਨੀਤੀਆਂ ਨੂੰ ਵੀ ਅੱਗੇ ਵਧਾਇਆ ਹੈ। ਇਸ ਹੇਠ ਕੁਝ ਸਮਾਂ ਪਹਿਲਾਂ ਫੌਜ ਵਿੱਚ ਉਨ੍ਹਾਂ ਦੀ ਭਰਤੀ ਰੋਕ ਦਿੱਤੀ ਗਈ ਸੀ।

# ਹਾਂਗਕਾਂਗ ਵਿੱਚ ਪੁਲਸ ਤੇ ਪ੍ਰਦਰਸ਼ਨਕਾਰੀਆਂ ਵਿੱਚ ਫਿਰ ਝੜਪਾਂ



ਹਾਂਗਕਾਂਗ, 13 ਨਵੰਬਰ (ਪੋਸਟ ਬਿਊਰੋ)- ਪੁਲਸ ਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਹਾਂਗਕਾਂਗ 'ਚ ਤਾਜ਼ਾ ਝੜਪਾਂ ਦੀ ਖਬਰ ਆਈ ਹੈ। ਪੰਜ ਮਹੀਨੇ ਤੋਂ ਜਾਰੀ ਪ੍ਰਦਰਸ਼ਨ 'ਚ ਕੱਲ੍ਹ ਸਵੇਰੇ ਪ੍ਰਦਰਸ਼ਨਕਾਰੀਆਂ ਨੇ ਸਵੇਰ ਦੀਆਂ ਟ੍ਰੇਨਾਂ ਦੀ ਆਵਾਜਾਈ 'ਚ ਰੁਕਾਵਟ ਪਾਈ ਤਾਂ ਪੁਲਸ ਨੇ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ।

ਪਤਾ ਲੱਗਾ ਹੈ ਕਿ ਕਈ ਯੂਨੀਵਰਸਿਟੀ ਕੰਪਲੈਕਸਾਂ ਦੇ ਆਸ-ਪਾਸ ਪ੍ਰਦਰਸ਼ਨਕਾਰੀਆਂ ਤੇ ਪੁਲਸ ਵਿਚਾਲੇ ਝੜਪਾਂ ਹੋਈਆਂ। ਹਿੰਸਕ ਹਾਲਤ ਦੇ ਕਾਰਨ ਵਿੱਦਿਅਕ ਅਦਾਰਿਆਂ 'ਚ ਕਲਾਸਾਂ ਰੱਦ ਕਰ ਦਿੱਤੀਆਂ ਗਈਆਂ ਅਤੇ ਸਬ-ਵੇ ਅੰਸ਼ਕ ਤੌਰ 'ਤੇ ਬੰਦ ਕਰ ਦਿੱਤੇ ਗਏ। ਇੱਕ ਟ੍ਰੇਨ ਤੋਂ ਯਾਤਰੀਆਂ ਨੂੰ ਸਟੇਸ਼ਨ ਤੋਂ ਕੁਝ ਪਹਿਲਾਂ ਉਤਾਰ ਦਿੱਤਾ ਗਿਆ। ਪਿਛਲੇ ਦਿਨਾਂ 'ਚ ਦੁਕਾਨਾਂ ਅਤੇ ਟ੍ਰੇਨਾਂ 'ਚ ਭੰਨਤੋੜ ਦੀਆਂ ਘਟਨਾਵਾਂ ਦੇਖਣ ਨੂੰ ਮਿਲੀਆਂ ਹਨ ਅਤੇ ਪ੍ਰਦਰਸ਼ਨਕਾਰੀਆਂ ਤੇ ਚੀਨ ਹਮਾਇਤੀਆਂ ਵਿਚਾਲੇ ਝੜਪਾਂ ਦੀਆਂ ਘਟਨਾਵਾਂ ਹੋਈਆਂ ਹਨ।

ਇਸ ਦੌਰਾਨ ਹਾਂਗਕਾਂਗ ਦੀ ਮੁੱਖ ਕਾਰਜਕਾਰੀ ਕੈਰੀ ਲਾਮ ਨੇ ਸਲਾਹਕਾਰਾਂ ਨਾਲ ਹਫਤਾਵਾਰੀ ਬੈਠਕ ਤੋਂ ਬਾਅਦ ਮੀਡੀਆ ਨੂੰ ਕਿਹਾ ਕਿ ਸਵੇਰ ਦੇ ਸਮੇਂ ਟਰਾਂਸਪੋਰਟ ਸੇਵਾ ਨੂੰ ਠੱਪ ਕਰਨਾ ਇੱਕ ਅਤਿਅੰਤ ਸਵਾਰਥੀ ਹਰਕਤ ਹੈ। ਉਨ੍ਹਾਂ ਕਿਹਾ, 'ਮੈਂ ਉਨ੍ਹਾਂ ਲੋਕਾਂ ਦੇ ਪ੍ਰਤੀ ਧੰਨਵਾਦੀ ਹਾਂ ਜਿਹੜੇ ਅਜੇ ਵੀ ਕੰਮ 'ਤੇ ਅਤੇ ਸਕੂਲ ਜਾ ਰਹੇ ਹਨ।' ਪਿਛਲੇ ਦਿਨੀਂ ਇੱਕ ਪੁਲਸ ਅਧਿਕਾਰੀ ਨੇ ਪ੍ਰਦਰਸ਼ਨਕਾਰੀਆਂ ਨਾਲ ਝੜਪ ਦੌਰਾਨ ਇੱਕ ਪ੍ਰਦਰਸ਼ਨਕਾਰੀ ਦੇ ਪੇਟ ਵਿੱਚ ਗੋਲੀ ਮਾਰ ਦਿੱਤੀ ਸੀ। ਇੱਕ ਹੋਰ ਘਟਨਾ 'ਚ ਇੱਕ ਵਿਵਾਦ ਦੇ ਕਾਰਨ ਇੱਕ ਵਿਅਕਤੀ ਨੂੰ ਅੱਗ ਲਾ ਦਿੱਤੀ ਗਈ। ਹਾਂਗਕਾਂਗ ਦੇ ਹਸਪਤਾਲ ਦੇ ਅਧਿਕਾਰੀਆਂ ਨੇ ਕਿਹਾ ਕਿ ਇਨ੍ਹਾਂ ਦੋਵਾਂ ਦੀ ਹਾਲਤ ਗੰਭੀਰ ਹੈ। ਇੱਕ ਵੀਡੀਓ ਵਿੱਚ ਇੱਕ ਪੁਲਸ ਮੁਲਾਜ਼ਮ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਉਨ੍ਹਾਂ ਵਿੱਚ ਮੋਟਰਸਾਈਕਲ ਦੌੜਾਉਂਦਾ ਨਜ਼ਰ ਆਉਂਦਾ ਹੈ। ਪੁਲਸ ਨੇ ਕਿਹਾ ਕਿ ਇਨ੍ਹਾਂ ਘਟਨਾਵਾਂ ਦੀ ਜਾਂਚ ਕੀਤੀ ਜਾ ਰਹੀ ਹੈ, ਪਰ ਪੁਲਸ ਅਧਿਕਾਰੀਆਂ ਦੀ ਕਾਰਵਾਈ ਦਾ ਇਹ ਕਹਿ ਕੇ ਬਚਾਅ ਕੀਤਾ ਗਿਆ ਕਿ ਖੁਦ ਦੀ ਸੁਰੱਖਿਆ 'ਚ ਇਸ ਤਰ੍ਹਾਂ ਕਰਨਾ ਜ਼ਰੂਰੀ ਹੋ ਗਿਆ ਸੀ।

# ਬ੍ਰਿਟੇਨ ਵਿੱਚ ਚੋਣਾਂ ਤੋਂ ਪਹਿਲਾਂ 58 ਹਜ਼ਾਰ ਲੋਕ ਨੌਕਰੀਆਂ ਤੋਂ ਕੱਢ ਦਿੱਤੇ ਗਏ



ਲੰਡਨ, 13 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ ਵਿਚ ਪਾਰਲੀਮੈਂਟ ਚੋਣਾਂ ਨੇੜੇ ਆਉਣ ਤੋਂ ਪਹਿਲਾਂ ਦੇ ਚਾਰ ਸਾਲਾਂ ਵਿਚ ਨੌਕਰੀਆਂ ਵਿਚ ਸਭ ਤੋਂ ਭਾਰੀ ਕਟੌਤੀ ਹੋਈ ਹੈ। ਅੰਕੜਿਆਂ ਮੁਤਾਬਕ ਜੁਲਾਈ-ਸਤੰਬਰ ਦੀ ਤਿਮਾਹੀ ਵਿਚ 58 ਹਜ਼ਾਰ ਲੋਕਾਂ ਦੀ ਨੌਕਰੀ ਚਲੀ ਗਈ ਹੈ। ਬੇਰੁਜ਼ਗਾਰੀ ਦਰ 1975 ਦੇ ਬਾਅਦ ਤੋਂ ਸਭ ਤੋਂ ਹੇਠਲੇ ਪੱਧਰ 3.8 ਫੀਸਦੀ ਉੱਤੇ ਚਲੀ ਗਈ। ਨੌਕਰੀਆਂ ਵਿਚ ਕਟੌਤੀ ਅਰਥ ਸ਼ਾਸਤਰੀਆਂ ਦੇ ਅਨੁਮਾਨ ਤੋਂ ਹਾਲੇ ਘੱਟ ਹੋਈ ਹੈ।

ਬ੍ਰੈਗਜ਼ਿਟ (ਯੂਰਪੀ ਯੂਨੀਅਨ ਤੋਂ ਬ੍ਰਿਟੇਨ ਦਾ ਨਿਕਲਣਾ) ਵਾਲੇ ਅੜਿੱਕੇ ਨੂੰ ਖਤਮ ਕਰਨ ਦੀ ਸੋਚ ਦੇ ਨਾਲ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ 12 ਦਸੰਬਰ ਨੂੰ ਚੋਣਾਂ ਕਰਾਉਣ ਦਾ ਐਲਾਨ ਕੀਤਾ ਹੈ। ਇਸ ਦੌਰਾਨ ਨੌਕਰੀਆਂ ਵਿਚ ਕਟੌਤੀ ਮੁਸੀਬਤ ਖੜ੍ਹੀ ਕਰ ਸਕਦੀ ਹੈ। ਕੰਪਨੀ ਮਾਲਕਾਂ ਦਾ ਕਹਿਣਾ ਹੈ ਕਿ ਬੋਰਿਸ ਜੌਨਸਨ ਦੇ ਜਿੱਤਣ ਦੇ ਬਾਅਦ ਵੀ ਨੌਕਰੀਆਂ ਵਿਚ ਕਟੌਤੀ ਜਾਰੀ ਰਹਿ ਸਕਦੀ ਹੈ। ਇਸ ਲਈ ਪ੍ਰਧਾਨ ਮੰਤਰੀ ਨੂੰ 2020 ਦੀ ਤੈਅ ਸੀਮਾ ਤੋਂ ਪਹਿਲਾਂ ਯੂਰਪੀ ਯੂਨੀਅਨ ਦੇ ਨਾਲ ਨਵੇਂ ਵਪਾਰ ਸਮਝੌਤੇ ਨੂੰ ਆਖਰੀ ਰੂਪ ਦੇਣਾ ਹੋਵੇਗਾ।

ਐੱਚ ਐੱਸ ਬੀ ਬੀ ਦੇ ਅਰਥ ਸ਼ਾਸਤਰੀ ਕ੍ਰਿਸ ਹੈਰੇ ਨੇ ਕਿਹਾ, 'ਮੰਨ ਲੈਂਦੇ ਹਾਂ ਕਿ ਰੋਜ਼ਗਾਰ ਦੇ ਅੰਕੜੇ ਅਸਥਿਰ ਹੋ ਸਕਦੇ ਹਨ। ਨੌਕਰੀਆਂ ਦੀ ਇਹ ਗਿਰਾਵਟ ਪਾਰਟ ਟਾਈਮ ਰੋਜ਼ਗਾਰ ਦੀ ਹੋ ਸਕਦੀ ਹੈ।' ਵਰਨਣ ਯੋਗ ਹੈ ਕਿ ਨੌਕਰੀਆਂ ਵਿਚ ਕਟੌਤੀ ਪਿੱਛੋਂ ਬੈਂਕ ਆਫ ਇੰਗਲੈਂਡ ਨੇ ਵਿਆਜ਼ ਦਰਾਂ ਘਟਾ ਦਿੱਤੀਆਂ ਹਨ। ਉਂਜ ਅਰਥ ਸ਼ਾਸਤਰੀਆਂ ਦਾ ਇਸ ਮੌਕੇ ਕਰੀਬ 94 ਹਜ਼ਾਰ ਲੋਕਾਂ ਦੀ ਨੌਕਰੀ ਜਾਣ ਦਾ ਅਨੁਮਾਨ ਸੀ, ਪਰ ਕਰੀਬ 58 ਹਜ਼ਾਰ ਲੋਕਾਂ ਦੀ ਨੌਕਰੀ ਹੀ ਗਈ ਹੈ। ਅੰਕੜਿਆਂ ਮੁਤਾਬਕ ਕੁੱਲ ਤੇ ਮੂਲ ਆਮਦਨ ਵਿਚ 3.6 ਫੀਸਦੀ ਦਾ ਮਾਮੂਲੀ ਵਾਧਾ ਹੋਇਆ ਹੈ, ਜੋ ਅਨੁਮਾਨ ਤੋਂ ਕਾਫੀ ਘੱਟ ਹੈ। ਬ੍ਰਿਟੇਨ ਦੀ ਅਰਥ ਵਿਵਸਥਾ ਵਿਚ ਵਾਧਾ ਇਸ ਸਾਲ ਸਤੰਬਰ ਤੱਕ ਮਸਾਂ 1 ਫੀਸਦੀ ਰਿਹਾ, ਜੋ ਪੂਰੇ ਦਹਾਕੇ ਵਿਚ ਸਭ ਤੋਂ ਘੱਟ ਹੈ। ਮਾਹਰ ਇਸ ਨੂੰ ਅਮਰੀਕਾ, ਚੀਨ ਦੇ ਤਣਾਅ ਦਾ ਅਸਰ ਮੰਨਦੇ ਹਨ।

# ਸਾਊਦੀ ਅਰਬ ਵੱਲੋਂ ਫਾਰਮੂਲਾ-ਈ ਵਿੱਚ ਹਿੱਸਾ ਲੈਣ ਵਾਲੀ ਰੀਮਾ ਜਫਾਲੀ ਪਹਿਲੀ ਮਹਿਲਾ ਬਣੀ



ਰਿਆਦ, 13 ਨਵੰਬਰ (ਪੋਸਟ ਬਿਊਰੋ)- ਸਾਊਦੀ ਅਰਬ ਦੀ ਰਾਜਧਾਨੀ ਰਿਆਦ ਵਿੱਚ ਹੋਣ ਵਾਲੀ ਫਾਰਮੂਲਾ-ਈ ਰੇਸ ਵਿੱਚ ਹਿੱਸਾ ਲੈਣ ਵਾਲੀ ਰੀਮਾ ਜਫਾਲੀ ਪਹਿਲੀ ਮਹਿਲਾ ਬਣਨ ਰਹੀ ਹੈ। ਰੀਮਾ ਨੇ ਜੈਗੁਆਰ ਆਈ ਪੇਸ ਈ ਟਰਾਫੀ ਵਿੱਚ ਹਿੱਸਾ ਲੈਣਾ ਹੈ, ਜਿਹੜੀ ਦਿਰਿਯਾਹ ਈਪ੍ਰੀਕਸ ਦਾ ਹਿੱਸਾ ਹੈ। ਉਂਜ ਰੀਮਾ ਦਾ ਮਹਿਲਾਵਾਂ ਬਾਰੇ ਸਖਤ ਰੁਖ ਵਾਲੇ ਸਾਊਦੀ ਅਰਬ ਵਿੱਚ ਵਿਰੋਧ ਵੀ ਹੋ ਰਿਹਾ ਹੈ, ਪਰ ਉਹ ਇਸ ਤੋਂ ਬੇਫਿਕਰ ਹੈ।

ਰੀਮਾ ਨੇ ਕਿਹਾ ਕਿ ਕੁਝ ਪੁਰਸ਼ ਕਹਿੰਦੇ ਹਨ ਕਿ ਇਸ ਗੇਮ ਵਿੱਚ ਔਰਤਾਂ ਲਈ ਜਗ੍ਹਾ ਨਹੀਂ। ਕੁਝ ਪੁਰਸ਼ ਜਿਹੜੇ ਅਸਹਿਮਤ ਹਨ, ਉਹ ਮੈਨੂੰ ਇਕੱਲੇ ਡਰਾਈਵ ਕਰਨ ਦੇਣ। ਮੈਂ ਆਪਣੇ ਦਮ 'ਤੇ ਅਜਿਹਾ ਕਰ ਰਹੀ ਹਾਂ। ਇਹ ਉਨ੍ਹਾਂ ਦਾ ਵਿਚਾਰ ਹੋ ਸਕਦਾ ਹੈ ਕਿ ਅਜਿਹੀਆਂ ਗੇਮਸ ਸਾਡੇ ਲਈ ਯੋਗ ਨਹੀਂ। ਇਹ ਉਨ੍ਹਾਂ ਦੀ ਸੋਚ ਹੈ, ਪਰ ਇਹ ਮੈਨੂੰ ਕਿਸੇ ਵੀ ਤਰ੍ਹਾਂ ਨਾਲ ਪ੍ਰਭਾਵਤ ਨਹੀਂ ਕਰਦੀ। ਹੋਰ ਤਾਂ ਹੋਰ ਮੇਰੇ ਟਵਿੱਟਰ ਜਾਂ ਇੰਸਟਾਗ੍ਰਾਮ ਅਕਾਊਂਟ 'ਤੇ ਅਜਿਹੇ ਸੰਦੇਸ਼ ਆਉਂਦੇ ਹਨ, ਜਿਨ੍ਹਾਂ ਵਿੱਚ ਲਿਖਿਆ ਹੁੰਦਾ ਹੈ ਕਿ ਤੁਸੀਂ ਇਸਤਰੀ ਹੋ, ਤੁਹਾਨੂੰ ਅਜਿਹਾ ਨਹੀਂ ਕਰਨਾ ਚਾਹੀਦਾ। ਰੀਮਾ ਨੇ ਕਿਹਾ ਕਿ ਕੁਝ ਲੋਕ ਮੈਨੂੰ ਅਨਪੜ੍ਹ ਤੱਕ ਕਹਿ ਚੁੱਕੇ ਹਨ। ਮੈਂ ਇਨ੍ਹਾਂ ਲੋਕਾਂ ਨੂੰ ਜਵਾਬ ਦੇਣ ਲਈ ਅਜਿਹਾ ਨਹੀਂ ਕਰ ਰਹੀ, ਮੈਂ ਇਹ ਕਰ ਰਹੀ ਹਾਂ, ਕਿਉਂਕਿ ਮੈਂ ਇਸ ਨੂੰ ਚੁਣੌਤੀ ਵਜੋਂ ਦੇਖਦੀ ਹਾਂ ਤੇ ਜਿਸ ਵਿੱਚ ਮੈਨੂੰ ਖੁਸ਼ੀ ਮਿਲਦੀ ਹੈ, ਉਹ ਕਰਨ ਵਿੱਚ ਕੋਈ ਬੁਰਾਈ ਨਹੀਂ। ਇਹ ਤੱਥ ਹੈ ਕਿ ਜੇ ਮੈਂ ਜਿੱਤ ਗਈ ਤਾਂ ਇਹ ਕੁਝ ਲੋਕਾਂ 'ਤੇ ਹਾਂ-ਪੱਖੀ ਪ੍ਰਭਾਵ ਪਾਵੇਗਾ ਤੇ ਕੁਝ 'ਤੇ ਨਾਂਹ ਪੱਖੀ, ਪਰ ਇਹ ਉਨ੍ਹਾਂ ਦੀ ਸੋਚ ਹੈ ਮੇਰੀ ਨਹੀਂ। ਮੈਂ ਅਜੇ ਵੀ ਉਹ ਹੀ ਕਰ ਰਹੀ ਹਾਂ, ਜਿਹੜਾ ਮੈਨੂੰ ਪਸੰਦ ਹੈ।

# ਪਾਕਿਸਤਾਨ ਵਿੱਚ 30 ਬੱਚਿਆਂ ਨਾਲ ਦਰਿੰਦਗੀ ਕਰਨ ਵਾਲਾ ਕਾਬੂ



ਰਾਵਲਪਿੰਡੀ, 13 ਨਵੰਬਰ (ਪੋਸਟ ਬਿਊਰੋ)- ਪੁਲਸ ਨੇ ਚਾਰ ਦਿਨ ਤੱਕ ਨਾਬਾਲਗ ਲੜਕੇ ਦਾ ਸੈਕਸ ਸ਼ੋਸ਼ਣ ਕਰਨ ਅਤੇ ਵੀਡੀਓ ਬਣਾਉਣ ਦੇ ਦੋਸ਼ ਵਿੱਚ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਪੁੱਛਗਿੱਛ ਵਿੱਚ ਪਤਾ ਲੱਗਾ ਕਿ ਉਹ ਅੱਜ ਤੱਕ ਪਾਕਿਸਤਾਨ ਵਿੱਚ 30 ਤੋਂ ਵੱਧ ਬੱਚਿਆਂ ਦਾ ਸੈਕਸ ਸ਼ੋਸ਼ਣ ਕਰ ਚੁੱਕਾ ਹੈ।

ਸਿਟੀ ਪੁਲਸ ਅਧਿਕਾਰੀ ਫੈਸਲ ਰਾਣਾ ਨੇ ਮੰਗਲਵਾਰ ਨੂੰ ਕਿਹਾ ਕਿ 13 ਸਾਲਾ ਲੜਕੇ ਦੀ ਮਾਂ ਦੀ ਸ਼ਿਕਾਇਤ ਉੱਤੇ ਰਾਵਤ ਥਾਣੇ ਵਿੱਚ ਕੇਸ ਦਰਜ ਹੋਣ ਤੋਂ ਬਾਅਦ ਇਸ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ। ਸ਼ਿਕਾਇਤ ਕਰਤਾ ਨੇ ਦੋਸ਼ ਲਾਇਆ ਕਿ ਸ਼ੱਕੀ ਬੰਦਾ ਉਸ ਦੇ ਬੇਟੇ ਨੂੰ ਬਹਲਿਆ ਟਾਊਨ, ਰਾਵਲਪਿੰਡੀ ਦੇ ਇਕ ਘਰ ਵਿੱਚ ਲੈ ਗਿਆ ਤੇ ਓਥੇ ਉਸ ਨੇ ਨਸ਼ੇ ਵਿੱਚ ਧੁੱਤ ਹੋ ਕੇ ਚਾਰ ਦਿਨ ਤੱਕ ਉਸ ਦੇ ਬੇਟੇ ਦਾ ਸ਼ੋਸ਼ਣ ਕੀਤਾ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸ਼ੱਕੀ ਬੰਦੇ ਨੇ ਨਾਬਾਲਗ ਦੀ ਵੀਡੀਓ ਵੀ ਬਣਾਈ ਅਤੇ ਵਾਇਰਲ ਕਰਨ ਦੀ ਧਮਕੀ ਦਿੱਤੀ ਹੈ। ਰਾਣਾ ਨੇ ਕਿਹਾ ਕਿ ਉਸ ਵਿਅਕਤੀ ਨੇ ਪਾਕਿ-ਸਤਾਨ ਵਿੱਚ 30 ਬੱਚਿਆਂ ਦਾ ਸੈਕਸ ਸ਼ੋਸ਼ਣ ਕਰਨ ਦੀ ਗੱਲ ਮੰਨੀ ਹੈ ਤੇ ਉਸ ਵਲੋਂ 'ਡਾਕਰ ਵੈੱਬ' ਉੱਤੇ ਨਾਬਾਲਗ ਬੱਚਿਆਂ ਦੀ ਵੀਡੀਓ ਅਪਲੋਡ ਕਰਨ ਦਾ ਵੀ ਸ਼ੱਕ ਹੈ। ਇਸ ਦੀ ਜਾਂਚ ਕੀਤੀ ਜਾ ਰਹੀ ਹੈ।

ਇਹ ਸ਼ੱਕੀ ਬੰਦਾ ਪਹਿਲਾਂ ਬ੍ਰਿਟੇਨ ਵਿੱਚ ਨਾਬਾਲਗ ਬੱਚਿਆਂ ਦੇ ਯੌਨ ਸ਼ੋਸ਼ਣ ਦਾ ਦੋਸ਼ੀ ਠਹਿਰਾਇਆ ਗਿਆ ਸੀ ਤੇ ਓਥੇ ਉਹ ਬੱਚਿਆਂ ਦੀ ਸੁਰੱਖਿਆ ਲਈ ਇਕ ਸੰਗਠਨ ਲਈ ਕੰਮ ਕਰਦਾ ਸੀ ਤੇ ਉਸ ਨੂੰ ਦੇਸ਼ ਤੋਂ ਕੱਢ ਦਿੱਤਾ ਗਿਆ ਸੀ। ਅਧਿਕਾਰੀ ਨੇ ਕਿਹਾ ਕਿ ਇਸ ਸ਼ੱਕੀ ਉੱਤੇ ਇਟਲੀ ਵਿੱਚ ਵੀ ਅਜਿਹੇ ਅਪਰਾਧ ਦਾ ਕੇਸ ਚਲਾਇਆ ਗਿਆ ਸੀ ਤੇ ਉਸ ਨੂੰ ਦੇਸ਼ ਵਿੱਚੋਂ ਬਾਹਰ ਕੱਢ ਦਿੱਤਾ ਗਿਆ ਸੀ।

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

# ਜਾਪਾਨੀ ਔਰਤਾਂ ਨੂੰ ਅੱਗੇ ਤੋਂ ਚਸ਼ਮੇ ਬਿਨਾਂ ਦਫਤਰ ਜਾਣਾ ਪਵੇਗਾ

ਟੋਕੀਓ, 13 ਨਵੰਬਰ (ਪੋਸਟ ਬਿਊਰੋ)- ਜਾਪਾਨ 'ਚ ਔਰਤਾਂ ਨਾਲ ਲਿੰਗਿਕ ਵਿਤਕਰੇ ਦਾ ਇੱਕ ਅਨੋਖਾ ਮਾਮਲਾ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਇਸ ਵਿਕਸਤ ਦੇਸ਼ ਦੀਆਂ ਕਈ ਕੰਪਨੀਆਂ ਨੇ ਦਫਤਰ ਵਿੱਚ ਔਰਤਾਂ ਵੱਲੋਂ ਚਸ਼ਮਾ ਲਾ ਕੇ ਆਉਣ 'ਤੇ ਰੋਕ ਲਾ ਦਿੱਤੀ ਹੈ। ਇਸ ਗੈਰ ਜ਼ਰੂਰੀ ਨਿਯਮ ਦੇ ਖਿਲਾਫ ਸੋਸ਼ਲ ਮੀਡੀਆ ਵਿੱਚ ਜੰਮ ਕੇ ਆਲੋਚਨਾ ਕੀਤੀ ਜਾ ਰਹੀ ਹੈ ਅਤੇ ਸਮਾਜ ਵਿੱਚ ਵੀ ਬਹਿਸ ਚੱਲ ਰਹੀ ਹੈ। ਜਾਪਾਨ ਵਿੱਚ ਕਈ ਕੰਪਨੀਆਂ ਔਰਤ ਰਿਪੈਸ਼ਨਿਸਟ ਦੇ ਚਸ਼ਮਾ ਲਾ ਕੇ ਆਉਣ 'ਤੇ ਕੰਮ ਤੋਂ ਵਾਪਸ ਭੇਜ ਰਹੀਆਂ ਹਨ, ਜਦ ਕਿ ਮਰਦ ਮੁਲਾਜ਼ਮਾਂ ਨਾਲ ਅਜਿਹਾ ਨਹੀਂ ਹੈ। ਕੁਝ ਏਅਰਲਾਈਨਾਂ ਤੇ ਰੈਸਟੋਰੈਂਟਾਂ ਵਿੱਚ ਵੀ ਮਹਿਲਾ ਮੁਲਾਜ਼ਮਾਂ ਨੂੰ ਚਸ਼ਮਾ ਲਾਉਣ ਤੋਂ ਮਨ੍ਹਾ ਕੀਤਾ ਗਿਆ ਹੈ। ਨਿੱਜੀ ਕੰਪਨੀਆਂ ਦਾ ਕਹਿਣਾ ਹੈ ਕਿ ਚਸ਼ਮੇ ਲੱਗਣ ਦੇ ਨਾਲ ਔਰਤਾਂ ਦੀ ਸੁੰਦਰਤਾ ਪ੍ਰਭਾਵਤ ਹੁੰਦੀ ਹੈ, ਜਿਸ ਨਾਲ ਉਸ ਦੇ ਗਾਹਕਾਂ 'ਤੇ ਗਲਤ ਅਸਰ ਪੈਂਦਾ ਹੈ।

ਜਾਪਾਨ ਦੀ ਇੱਕ ਕੰਪਨੀ ਨੇ ਤਾਂ ਔਰਤਾਂ ਲਈ ਮੇਕਅਪ ਕਰਨਾ ਜ਼ਰੂਰੀ ਕਰ ਦਿੱਤਾ ਅਤੇ ਕਿਹਾ ਹੈ ਕਿ ਔਰਤਾਂ ਆਪਣਾ ਭਾਰ ਘੱਟ ਕਰਨ ਤਾਂ ਜੋ ਆਕਰਸ਼ਕ ਬਣੀਆਂ ਰਹਿਣ। ਜਾਪਾਨ ਵਿੱਚ ਲਿੰਗਿਕ ਭੇਦਭਾਵ ਦੀ ਇਹ ਕੋਈ ਪਹਿਲੀ ਘਟਨਾ ਨਹੀਂ ਹੈ, ਇਸ ਤੋਂ ਪਹਿਲਾਂ ਵੀ ਔਰਤਾਂ ਭੇਦਭਾਵ ਬਾਰੇ ਵਿਰੋਧ ਕਰ ਚੁੱਕੀਆਂ ਹਨ। ਇਸ ਸਾਲ ਦੇ ਸ਼ੁਰੂ ਵਿੱਚ ਜਾਪਾਨੀ ਔਰਤਾਂ ਨੇ ਉੱਚੀ ਅੱਡੀ ਦੀ ਹੀਲ ਪਹਿਨਣ ਨੂੰ ਮਜਬੂਰ ਕਰਨ ਵਾਲੀਆਂ ਨਿੱਜੀ ਕੰਪਨੀਆਂ ਦੇ ਖਿਲਾਫ ਆਨਲਾਈਨ ਪਟੀਸ਼ਨ ਮੁਹਿੰਮ ਸ਼ੁਰੂ ਕੀਤੀ ਸੀ, ਜਿਸ ਦੇ ਤਹਿਤ 21000 ਔਰਤਾਂ ਨੇ ਦਸਤਖਤ ਕੀਤੇ ਸਨ। ਜਾਪਾਨ ਦੇ ਮੰਤਰੀ ਦਾ ਕਹਿਣਾ ਹੈ ਕਿ ਵਰਕਿੰਗ ਪਲੇਸ ਉੱਤੇ ਔਰਤਾਂ ਲਈ ਡਰੈੱਸ ਕੋਡ ਦਾ ਹੋਣਾ ਜ਼ਰੂਰੀ ਹੈ। ਵਰਲਡ ਇਕਨਾਮੋਕਿ ਫੋਰਮ ਨੂੰ ਸੰਸਾਰਕ ਲਿੰਗਿਕ ਭੇਦਭਾਵ ਦੀ ਰਿਪੋਰਟ ਵਿੱਚ ਵੀ ਜਾਪਾਨ ਨੂੰ 149 ਦੇਸ਼ਾਂ ਦੀ ਸੂਚੀ ਵਿੱਚ ਬਹੁਤ ਹੇਠਾਂ 110ਵੇਂ ਸਥਾਨ 'ਤੇ ਰੱਖਿਆ ਗਿਆ ਹੈ।

# ਮੁਸ਼ਕਿਲ ਵਿੱਚ ਫਸੇ ਪਾਕਿਸਤਾਨ ਵਿੱਚ ਕਾਟਨ ਦੀ ਕਮੀ ਹੋਈ

ਲਾਹੌਰ, 13 ਨਵੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਜੰਮੂ-ਕਸ਼ਮੀਰ ਤੋਂ ਧਾਰਾ-370 ਹਟਾਏ ਜਾਣ ਪਿੱਛੋਂ ਜਿਸ ਤਰ੍ਹਾਂ ਪਾਕਿ-ਸਤਾਨ ਨੇ ਭਾਰਤ ਨਾਲ ਵਪਾਰਕ ਸਬੰਧ ਖਤਮ ਕੀਤੇ ਸਨ, ਉਸ ਦਾ ਖਮਿਆਜ਼ਾ ਉਸ ਦੀ ਜਨਤਾ ਨੂੰ ਸਰਦੀਆਂ ਵਿੱਚ ਭੁਗਤਣਾ ਪੈਣ ਦੇ ਆਸਾਰ ਬਣਨ ਲੱਗ ਪਏ ਹਨ। ਦਸੰਬਰ ਤੋਂ ਪਾਕਿਸਤਾਨ ਵਿੱਚ ਵਿੰਟਰ ਸੈਸ਼ਨ ਸ਼ੁਰੂ ਹੋ ਜਾਂਦਾ ਹੈ, ਜਿਸ ਦਾ ਅਸਰ ਦਿੱਸਣਾ ਸ਼ੁਰੂ ਹੋ ਗਿਆ ਹੈ। ਇਸ ਦੇ ਲਈ ਪਾਕਿਸਤਾਨ ਨੂੰ ਕਾਟਨ ਦਾ ਪ੍ਰਮੁੱਖ ਸਪਲਾਇਰ ਭਾਰਤ ਹੁੰਦਾ ਸੀ, ਕਿਉਂਕਿ ਪਾਕਿਸਤਾਨ ਨੂੰ ਭਾਰਤ ਤੋਂ ਸਸਤਾ ਕਾਟਨ ਮਿਲਦਾ ਸੀ। ਵਪਾਰਕ ਸਬੰਧ ਖਤਮ ਹੋਣ ਤੋਂ ਬਾਅਦ ਅਮਰੀਕਾ, ਬ੍ਰਾਜ਼ੀਲ ਅਤੇ ਦੂਜੇ ਦੇਸ਼ਾਂ ਤੋਂ ਮਹਿੰਗਾ ਕਾਟਨ ਖਰੀਦਣਾ ਪੈ ਰਿਹਾ ਹੈ।

ਪਾਕਿਸਤਾਨੀ ਮੀਡੀਆ ਦੀ ਰਿਪੋਰਟ ਵਿੱਚ ਪਿਛਲੇ ਮਹੀਨੇ ਇਸ ਗੱਲ ਦਾ ਡਰ ਪ੍ਰਗਟਾਇਆ ਗਿਆ ਸੀ ਕਿ ਕਾਟਨ ਦੇ ਉਤਪਾਦਨ ਵਿੱਚ ਗਿਰਾਵਟ ਕਾਰਨ ਪਾਕਿਸਤਾਨ ਸਰਕਾਰ ਨੂੰ ਘਰੇਲੂ ਖਪਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਿਦੇਸ਼ਾਂ ਤੋਂ ਮਹਿੰਗਾ ਕਾਟਨ ਇੰਪੋਰਟ ਕਰਨਾ ਪੈ ਸਕਦਾ ਹੈ। ਉਸ ਨੂੰ ਦਵਾਈਆਂ ਅਤੇ ਮੈਡੀਕਲ ਸਾਮਾਨ ਦੀ ਵੀ ਭਾਰੀ ਕਮੀ ਦਾ ਸਾਹਮਣਾ ਕਰਨਾ ਪਿਆ ਹੈ। ਪਾਕਿਸਤਾਨੀ ਮੀਡੀਆ ਦੀ ਇਕ ਰਿਪੋਰਟ ਵਿੱਚ ਪਾਕਿਸਤਾਨ ਕਾਟਨ ਜਿਨਰਸ ਐਸੋਸੀਏਸ਼ਨ (ਪੀ ਸੀ ਜੀ ਏ) ਦੇ ਅੰਕੜਿਆਂ ਦੇ ਹਵਾਲੇ ਨਾਲ ਉਤਪਾਦਨ ਦਾ 26.54 ਫੀਸਦੀ ਗਿਰਾਵਟ ਦਾ ਸ਼ੱਕ ਦੱਸਿਆ ਗਿਆ ਸੀ।

ਵਰਨਣ ਯੋਗ ਹੈ ਕਿ ਪਾਕਿਸਤਾਨ ਵਿੱਚ ਇਸ ਸਾਲ ਕਾਟਨ ਦਾ ਉਤਪਾਦਨ ਘੱਟ ਹੈ, ਪਰ ਭਾਰਤ ਵਿੱਚ ਇਸ ਸਾਲ ਪਿਛਲੇ ਸਾਲ ਤੋਂ ਵੱਧ ਉਤਪਾਦਨ ਹੋਇਆ ਹੈ। ਕਾਟਨ ਐਸੋਸੀਏਸ਼ਨ ਆਫ ਇੰਡੀਆ ਦੇ ਤਾਜ਼ਾ ਅੰਦਾਜ਼ੇ ਅਨੁਸਾਰ ਭਾਰਤ ਵਿੱਚ ਇਸ ਸਾਲ ਕਾਟਨ ਦਾ ਉਤਪਾਦਨ 354 ਲੱਖ ਗੰਢਾਂ ਹੋ ਸਕਦਾ ਹੈ, ਪਿਛਲੇ ਸਾਲ ਦੇਸ਼ ਵਿੱਚ ਕਾਟਨ ਦਾ ਉਤਪਾਦਨ 312 ਲੱਖ ਗੰਢਾਂ ਸੀ। ਗਵਾਂਢੀ ਦੇਸ਼ ਹੋਣ ਕਾਰਨ ਪਾਕਿਸਤਾਨ ਨੂੰ ਭਾਰਤ ਤੋਂ ਇੰਪੋਰਟ ਲਈ ਢੁਆਈ ਦਾ ਖਰਚ ਘੱਟ ਪੈਂਦਾ ਹੈ, ਜਿਸ ਨਾਲ ਉਸ ਲਈ ਭਾਰਤ ਤੋਂ ਕਾਟਨ ਦੀ ਖਰੀਦ ਸਸਤੀ ਹੁੰਦੀ ਹੈ, ਪਰ ਇਸ ਸਾਲ ਵਪਾਰ ਬੰਦ ਹੋਣ ਕਾਰਨ ਉਹ ਭਾਰਤ ਤੋਂ ਕਾਟਨ ਨਹੀਂ ਖਰੀਦ ਰਿਹਾ। ਭਾਰਤੀ ਕਾਟਨ ਦਾ ਭਾਅ ਇਸ ਸਮੇਂ ਲਗਭਗ 69 ਸੈਂਟ ਪ੍ਰਤੀ ਪੌਂਡ ਹੈ ਤੇ ਸੰਸਾਰ ਦੀ ਮੰਡੀ ਵਿੱਚ ਕਾਟਨ ਦਾ ਭਾਅ 74 ਸੈਂਟ ਪ੍ਰਤੀ ਪੌਂਡ ਹੈ।

ਭਾਰਤੀ ਕਾਰੋਬਾਰੀਆਂ ਦਾ ਕਹਿਣਾ ਹੈ ਕਿ ਪਾਕਿਸਤਾਨ ਜੇ ਭਾਰਤ ਨਾਲ ਦੋਬਾਰਾ ਵਪਾਰ ਸ਼ੁਰੂ ਕਰੇ ਤਾਂ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਉਹ ਭਾਰਤ ਤੋਂ ਵੱਧ ਕਾਟਨ ਖਰੀਦ ਸਕਦਾ ਹੈ। ਅਮਰੀਕੀ ਏਜੰਸੀ ਯੂ ਐੱਸ ਡੀ ਏ ਦੀ ਰਿਪੋਰਟ ਅਨੁਸਾਰ ਪਾਕਿਸਤਾਨ ਵਿੱਚ ਇਸ ਸਾਲ ਕਾਟਨ ਦਾ ਉਤਪਾਦਨ 89.9 ਲੱਖ ਗੰਢਾਂ ਹੈ ਅਤੇ ਇਹ ਪਿਛਲੇ ਸਾਲ ਦੇ 97.5 ਲੱਖ ਗੰਢਾਂ ਤੋਂ ਲਗਭਗ 8 ਫੀਸਦੀ ਘੱਟ ਹੈ।

# ਇਮਰਾਨ ਦੀ ਸਾਬਕਾ ਪਤਨੀ ਰੇਹਮ ਨੇ ਮਾਨਹਾਨੀ ਕੇਸ ਜਿੱਤਿਆ



ਲੰਡਨ, 13 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਸਾਬਕਾ ਪਤਨੀ ਰੇਹਮ ਖਾਨ ਨੇ ਬੀਤੇ ਸਾਲ ਇਕ ਸ਼ੋਅ ਦੌਰਾਨ ਸਰਕਾਰ ਦੇ ਮੰਤਰੀ ਵੱਲੋਂ ਮਾਣਹਾਨੀ ਕਰਨ ਦੇ ਦੋਸ਼ਾਂ ਉੱਤੇ ਪਾਕਿਸਤਾਨ ਦੇ ਸਮਾਚਾਰ ਚੈਨਲ ਤੋਂ ਵੱਡਾ ਮੁਆਵਜ਼ਾ ਅਤੇ ਇਕ ਮੁਆਫੀਨਾਮਾ ਪ੍ਰਾਪਤ ਕਰ ਲਿਆ ਹੈ।

ਬੀਤੇ ਸੋਮਵਾਰ ਨੂੰ ਲੰਡਨ ਵਿਚ ਹਾਈ ਕੋਰਟ ਵਿੱਚ ਸੁਣਵਾਈ ਦੌਰਾਨ ਜਸਟਿਸ ਮੈਥਿਊ ਨਿਕਲਿਨ ਨੂੰ ਦੋਵਾਂ ਧਿਰਾਂ ਵਿਚਾਲੇ ਬਣੀ ਸਹਿਮਤੀ ਅਤੇ ਮੁਆਫੀਨਾਮੇ ਦੇ ਬਾਰੇ ਸੂਚਿਤ ਕੀਤਾ ਗਿਆ ਸੀ। ਪਾਕਿਸਤਾਨੀ ਮੂਲ ਦੀ ਬ੍ਰਿਟਿਸ਼ ਨਾਗਰਿਕ ਰੇਹਮ ਖਾਨ ਨੇ ਜੂਨ 2018 ਵਿਚ ਦੁਨੀਆ ਟੀ ਵੀ ਉੱਤੇ 'ਆਨ ਦੀ ਫਰੰਟ ਵਿਦ ਕਾਮਰਾਨ ਸ਼ਹੀਦ' ਸਿਰਲੇਖ ਦੇ ਪ੍ਰਸਾਰਨ ਤੋਂ ਬਾਅਦ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਸੀ। ਇਸ ਦੌਰਾਨ ਉਨ੍ਹਾਂ ਨੇ ਕਿਹਾ ਸੀ ਕਿ ਪਾਕਿਸਤਾਨ ਵਿਚ ਰੇਲਵੇ ਦੇ ਮੌਜੂਦਾ ਫੈਡਰਲ ਮੰਤਰੀ ਸ਼ੇਖ ਰਸ਼ੀਦ ਨੇ ਉਸ ਵਿਰੁੱਧ ਬਹੁਤ ਗੰਭੀਰ ਅਤੇ ਪੂਰੀ ਤਰ੍ਹਾਂ ਝੂਠੇ ਦੋਸ਼ ਲਾਏ ਹਨ। ਲੰਡਨ ਵਿਚ ਰੋਇਲ ਕੋਰਟ ਆਫ ਜਸਟਿਸ ਵਿਚ ਰੇਹਮ ਖਾਨ ਦੇ ਵਕੀਲ ਹੈਮਲਿਨਜ਼ ਐੱਲ ਐੱਲ ਪੀ ਦੇ ਐਲੇਕਸ ਕੋਚਰੇਨ ਨੇ ਕਿਹਾ, 'ਸਭ ਤੋਂ ਗੰਭੀਰ ਦੋਸ਼ ਜੋ ਉਨ੍ਹਾਂ ਲਾਇਆ, ਉਹ ਇਹ ਸੀ ਕਿ ਸਾਡੀ ਕਲਾਈਂਟ ਨੇ ਸਾਬਕਾ ਆਪਣੇ ਪਤੀ ਦੇ ਰਾਜਸੀ ਵਿਰੋਧੀਆਂ, ਪਾਕਿਸਤਾਨ ਮੁਸਲਿਮ ਲੀਗ ਨਾਲ ਮਿਲ ਕੇ ਕੰਮ ਕੀਤਾ ਤੇ ਬਦਲੇ ਵਿਚ ਉਨ੍ਹਾਂ ਕੋਲੋਂ ਜਾਂ ਉਸ ਦੇ ਆਗੂ ਸ਼ਹਿਬਾਜ਼ ਸ਼ਰੀਫ ਤੋਂ ਆਪਣੀ ਆਤਮਕਥਾ ਲਿਖਣ ਲਈ ਵੱਡੀ ਰਕਮ ਲਈ ਸੀ।'

